Vide R.N.I. No. Pun-Pun 2002/8323 ASR/0001/2024/26

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 March 2024

ਅੰਕ: 156

ਵਿਸਾਖੀ









ਹੋਲਾ ਮਹੱਲਾ



ਸਾਹਿਬ-ਏ-ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁ: ਟਾਹਲਾ ਸਾਹਿਬ ਵਿਖੇ ਗੁਰਮਤਿ ਸਮਾਗਮ

ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਟਰੱਸਟ ਅਤੇ ਬਾਬਾ ਦਰਸ਼ਨ ਸਿੰਘ ਜੀ ਵੱਲੋਂ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਹੋਇਆ 10 ਫਰਵਰੀ, 2024 ਗੁ: ਸ੍ਰੀ ਟਾਹਲਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਿੰਘ ਸਾਹਿਬਾਨ, ਸੰਤ-ਮਹਾਂਪੁਰਸ਼ਾਂ, ਸਿੱਖ ਪੰਥ ਦੇ ਉੱਘੇ ਰਾਗੀ ਸਿੰਘਾਂ, ਢਾਡੀ ਜੱਥਿਆਂ, ਕਥਾ ਵਾਚਕਾਂ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕੀਰਤਨ ਦੀਆਂ ਹਾਜ਼ਰੀਆਂ ਭਰਦਿਆਂ ਹੋਇਆਂ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜੀਵਨ ਦੀਆਂ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁ: ਸ੍ਰੀ ਟਾਹਲਾ ਸਾਹਿਬ ਦੇ ਬਾਹਰਵਾਰ ਬਣੇ ਨਵੇਂ ਸ਼ੈੱਡ ਦੀ ਕਾਰ ਸੇਵਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਤਰਸ ਕਰਕੇ ਸੰਗਤਾਂ ਦੇ ਸਹਿਯੋਗ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਪਾਸੋਂ ਲਈ। ਉਪਰੰਤ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, (ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ), ਬਾਬਾ ਦਰਸ਼ਨ ਸਿੰਘ ਜੀ ਅਤੇ ਸਮੂਹ ਸੰਤਾਂ-ਮਹਾਂਪੁਰਸ਼ਾਂ ਨੇ ਗੁ: ਸ੍ਰੀ ਟਾਹਲਾ ਸਾਹਿਬ ਵਿਖੇ ਭਾਈ ਗੁਰਇਕਬਾਲ ਸਿੰਘ ਜੀ ਨੂੰ ਗੁਰੂ ਘਰ ਦੀ ਬਖਸ਼ਿਸ਼ ਦੇ ਕੇ ਸਨਮਾਨਿਤ ਕੀਤਾ।

1



2



3


4



5


6


1. ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਦਾ ਬਾਹਰੀ ਦ੍ਰਿਸ਼, 2-3. ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਦੇ ਬਾਹਰਵਾਰ ਬਰਾਂਡੇ ਵਿੱਚ ਨਵੇਂ ਬਣਾਏ ਗਏ ਸ਼ੈੱਡ ਦਾ ਦ੍ਰਿਸ਼, 4. ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ, 5. ਸੰਗਤਾਂ ਕੀਰਤਨ ਦਾ ਰਸ ਮਾਣਦੀਆਂ ਹੋਈਆਂ, 6. ਬਾਬਾ ਦਰਸ਼ਨ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਬਾਬਾ ਜੋਗਾ ਸਿੰਘ ਜੀ, ਬਾਬਾ ਗੁਰਦੇਵ ਸਿੰਘ ਜੀ (ਸ਼ਹੀਦੀ ਬਾਗ ਵਾਲੇ) ਅਤੇ ਗੁ: ਸ੍ਰੀ ਟਾਹਲਾ ਸਾਹਿਬ ਟਰੱਸਟ ਵੱਲੋਂ ਭਾਈ ਗੁਰਇਕਬਾਲ ਸਿੰਘ ਜੀ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-156ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ


- ਪਿਆਰ ਭਰੀ ਸ਼ਰਧਾਂਜਲੀ 4
- ਦਸਵੇਂ ਪਾਤਸ਼ਾਹ ਜੀ ਤੋਂ ਹਰ ਪਲ ਬਲਿਹਾਰ ਜਾਣ ਵਾਲੀ ਪਵਿੱਤਰ ਆਤਮਾ ਧੰਨ ਧੰਨ ਭਾਈ ਨੰਦ ਲਾਲ ਜੀ 5
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 11
- ਜ਼ਿੰਦਗੀ ਦੀਆਂ ਬਰੀਕੀਆਂ 14
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 18
- ਅਧਿਆਤਮਿਕ ਵਿਚਾਰਾਂ 23
- ਕਾਬੁਲ ਦੀ ਸੰਗਤ ਨੇ ਜਪੁ ਜੀ ਸਾਹਿਬ ਦਾ ਸਹਾਰਾ ਲੈ ਕੇ ਕਿਵੇਂ ਮਨ ਦੇ ਸ਼ੰਕੇ ਹੱਲ ਕੀਤੇ? 24
- ਅਨਮੋਲ ਬਚਨ 29
- 400 ਸਾਲ ਗੁਰ ਇਤਿਹਾਸ ਦੇ ਨਾਲ 30
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 32
- पीर बुद्धू शाह जी के सवाल, कलगीधर पिता जी के जवाब 33
- जिंदगी की बारीकियाँ 39
- What is the Sign of the Khalsa? 43
- Six Characteristics of Guru's Beloved Sikh 49


ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ



ਗੁਰਪੁਰਵਾਸੀ ਬੀਬਾ ਗੁਰਪ੍ਰੀਤ ਕੌਰ ਜੀ
20 ਅਗਸਤ 1984 ਤੋਂ 27 ਫਰਵਰੀ 2024

## ਨਿੱਘੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਹੋਇਆਂ

# ਪਿਆਰ ਭਰੀ ਸ਼ਰਧਾਂਜਲੀ

ਮਿਤੀ 27 ਫਰਵਰੀ, 2024 ਦੇ ਸੂਰਜ ਨੇ ਜਿਵੇਂ ਹੀ ਆਪਣੀਆਂ ਕਿਰਨਾਂ ਨੂੰ ਸੰਕੋਚਿਆ ਤੇ ਇਹ ਆਪਣੀ ਬੁੱਕਲ ਵਿੱਚ ਬੀਬਾ ਗੁਰਪ੍ਰੀਤ ਕੌਰ ਜੀ ਦੇ ਰੂਪ ਵਿੱਚ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਫੁਲਵਾੜੀ ਦਾ ਬਹੁਤ ਹੀ ਪਿਆਰਾ, ਬਹੁਤ ਹੀ ਸੁਹਾਵਣਾ ਫੁੱਲ ਨਾਲ ਲੈ ਗਿਆ। ਬੀਬਾ ਗੁਰਪ੍ਰੀਤ ਕੌਰ ਜੀ ਕਿਸੇ ਵਿਸ਼ੇਸ਼ ਜਾਣ-ਪਛਾਣ ਦੇ ਮੁਹਤਾਜ ਨਹੀਂ। ਇਸ ਟਰੱਸਟ ਦੇ ਸਰਪ੍ਰਸਤ, ਗੁਰੂ ਘਰ ਦੇ ਨਿਸ਼ਕਾਮ ਸੰਤ ਕੀਰਤਨੀਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਬੀਬਾ ਗੁਰਪ੍ਰੀਤ ਕੌਰ ਜੀ ਬਹੁਤ ਹੀ ਹੋਣਹਾਰ, ਲਾਡਲੀ ਤੇ ਪਿਆਰੀ ਬੇਟੀ ਸਨ। ਉਨ੍ਹਾਂ ਦਾ ਭੋਲਾਪੰਨ ਵਾਲਾ ਸੁਭਾਅ, ਉਨ੍ਹਾਂ ਦਾ ਹਰ ਸਮੇਂ ਪ੍ਰਸੰਨਚਿੱਤ ਰਹਿਣ ਦਾ ਗੁਣ, ਉਨ੍ਹਾਂ ਦਾ ਹਰ ਕਿਸੇ ਨਾਲ ਮਿਲਾਪੜਾ ਵਿਹਾਰ ਉਨ੍ਹਾਂ ਦੀ ਹਰ ਥਾਂ, ਹਰ ਜਗ੍ਹਾ ਇੱਕ ਨਿਵੇਕਲੀ ਛਾਪ ਛੱਡਦਾ ਸੀ ਤੇ ਜਿਸ ਨਾਲ ਵੀ ਉਹ ਸੰਗਤ ਦੇ ਰੂਪ ਵਿੱਚ ਸੰਪਰਕ ਵਿੱਚ ਆਉਂਦੇ ਸਨ, ਉਹ ਉਨ੍ਹਾਂ ਦੇ ਇਸ ਸੁਭਾਅ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਗੁਰਬਾਣੀ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਹਰ ਵੇਲੇ ਨਾਮ ਬਾਣੀ ਨਾਲ ਜੁੜੇ ਰਹਿੰਦੇ ਸਨ। ਜਦੋਂ ਵੀ ਉਨ੍ਹਾਂ ਨੂੰ ਮਿਲਣਾ, ਹੱਥ ਵਿੱਚ ਉਨ੍ਹਾਂ ਦੇ ਮਾਲਾ ਚਲਦੀ ਰਹਿੰਦੀ ਸੀ। ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਹੁੰਦੇ ਹਰ ਵੀਰਵਾਰ ਦੇ ਸਮਾਗਮ ਸਮੇਤ ਜਿੱਥੇ ਜਿੱਥੇ ਵੀ ਅੰਮ੍ਰਿਤਸਰ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕੀਰਤਨ ਦੀ ਹਾਜ਼ਰੀ ਭਰਨੀ ਹੁੰਦੀ, ਆਪਣੇ ਸਤਿਕਾਰਯੋਗ ਮਾਤਾ ਜੀ ਨਾਲ ਬੀਬਾ ਗੁਰਪ੍ਰੀਤ ਕੌਰ ਜੀ ਪਹੁੰਚ ਕੇ ਲਾਹਾ ਲੈਂਦੇ ਸਨ। ਇਸ ਤਰ੍ਹਾਂ ਅਕਾਲ ਪੁਰਖ ਵੱਲੋਂ ਬਖਸ਼ੀ ਹੋਈ ਸਵਾਸਾਂ ਰੂਪੀ ਪੂੰਜੀ ਨੂੰ 39 ਸਾਲ ਦੀ ਉਮਰ ਵਿੱਚ ਸਫਲਾ ਕਰਦਿਆਂ ਉਨ੍ਹਾਂ ਨੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕੀਤਾ ਤੇ ਇਸ ਦੁਨੀਆਂ ਤੋਂ ਕੂਚ ਕਰਦਿਆਂ ਆਪਣੇ ਗੁਣਾਂ ਦੀਆਂ ਸੁਗੰਧੀਆਂ ਨੂੰ ਹਰ ਪਾਸੇ ਫੈਲਾ ਗਏ। ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਕਾਲ ਪੁਰਖ ਨੂੰ ਵੀ ਇਹੋ ਜਿਹੀਆਂ ਰੂਹਾਂ ਦੀ ਲੋੜ ਰਹਿੰਦੀ ਹੈ ਜਿਹੜੇ ਮਾਇਆ ਰੂਪੀ ਇਸ ਦੁਨੀਆਂ ਦੀਆਂ ਤ੍ਰਿਸ਼ਨਾਵਾਂ ਤੋਂ ਨਿਰਲੇਪ ਤੇ ਬੇਨਿਆਜ਼ ਰਹਿੰਦੇ ਹਨ ਤੇ ਜਿਨ੍ਹਾਂ ਦਾ ਮਨ ਇੱਕ ਸ਼ੀਸ਼ੇ ਦੀ ਨਿਆਈਂ ਹੁੰਦਾ ਹੈ। ਅੱਜ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਅੰਦਰ ਵੜਦਿਆਂ ਚੱਪੇ ਚੱਪੇ ਉਨ੍ਹਾਂ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ, ਉਨ੍ਹਾਂ ਦਾ ਮੁਸਕਰਾਉਂਦਾ ਚਿਹਰਾ ਅੱਖਾਂ ਸਾਹਮਣੇ ਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਭੋਲੀਆਂ-ਭਾਲੀਆਂ ਗੱਲਾਂ ਇੰਝ ਮਹਿਸੂਸ ਕਰਵਾਉਂਦੀਆਂ ਹਨ ਕਿ ਜਿਵੇਂ ਉਨ੍ਹਾਂ ਦੇ ਸੰਪਰਕ ਵਿੱਚ ਆਏ ਹਰ ਕਿਸੇ ਦੇ ਅੰਦਰ ਇੱਕ ਖਲਾਅ ਜਿਹਾ ਪੈਦਾ ਹੋ ਗਿਆ ਹੋਵੇ। ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਕਾਲ ਪੁਰਖ ਦੇ ਭਾਣੇ ਵਿੱਚ ਰਹਿ ਕੇ ਇਸ ਅਸਹਿ ਸਦਮੇ ਤੇ ਬੀਬਾ ਗੁਰਪ੍ਰੀਤ ਕੌਰ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ ਕਿ ਉਹ ਵਿਛੜੀ ਆਤਮਾ ਨੂੰ ਸਦੀਵ ਕਾਲ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਸ਼ ਕਰੇ ਤੇ ਸਾਡੇ ਮਹਾਂਪੁਰਸ਼ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਸਮੁੱਚੇ ਪਰਿਵਾਰ ਸਮੇਤ ਸਾਰੀ ਸੰਗਤ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰੇ।

*—ਸੰਪਾਦਕ*

# ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ

(VCD 534)

## ਦਸਵੇਂ ਪਾਤਸ਼ਾਹ ਜੀ ਤੋਂ ਹਰ ਪਲ ਬਲਿਹਾਰ ਜਾਣ ਵਾਲੀ ਪਵਿੱਤਰ ਆਤਮਾ ਧੰਨ ਧੰਨ ਭਾਈ ਨੰਦ ਲਾਲ ਜੀ

—ਸੰਪਾਦਕ

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—''ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

---

ਇੱਕ ਪ੍ਰਕਰਨ ਦੀ ਗੁਰੂ ਸਾਹਿਬ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ। ਮਨ ਵਿੱਚ ਰੀਝ ਆਈ, ਇਸ ਅੰਕ ਵਿੱਚ ਇਹੋ ਜਿਹਾ ਜ਼ਿਕਰ ਗੁਰੂ ਸਾਹਿਬ ਸੇਵਾ ਲੈਣ ਜਿਹੜਾ ਜ਼ਿਕਰ ਪੜ੍ਹ ਕੇ ਵਾਰ ਵਾਰ ਬਾਜਾਂ ਵਾਲੇ ਦੇ ਦਰਸ਼ਨ ਹੋਣ। ਅੱਜ ਆਪਾਂ ਦਰਸ਼ਨ ਕਰਨੇ ਹਨ:

***ਧੰਨ ਧੰਨ ਭਾਈ ਨੰਦ ਲਾਲ ਜੀ।***

ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਪਹਿਲਾਂ ਉਸ ਦੀ ਹਾਜ਼ਰੀ ਲਗਾ ਲਓ, ਸਾਰੇ ਕਿਰਪਾ ਕਰੋ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥੧੨॥***

*(ਵਾਰ ੧੯, ਪਉੜੀ ੧੨)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

ਇਸ ਅੰਕ ਵਿੱਚ ਆਪ ਜੀ ਨੇ ਧੰਨ ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ ਜਿਨ੍ਹਾਂ ਨੇ ਹਕੀਕੀ ਇਸ਼ਕ ਕੀਤਾ ਹੈ। ਜਿਨ੍ਹਾਂ ਨੇ



*ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ।*

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਛਾਣਿਆ ਹੈ। ਬੜਾ ਪਿਆਰਾ ਹੈ ਇਨ੍ਹਾਂ ਦਾ ਜੀਵਨ। ਅੱਜ ਆਪਾਂ ਇੱਥੋਂ ਚਲਾਂਗੇ, ਜਨਮ ਕਿੱਥੇ ਹੋਇਆ ਹੈ, ਧੰਨ ਧੰਨ ਭਾਈ ਨੰਦ ਲਾਲ ਜੀ ਦਾ। ਕਿਸ ਤਰ੍ਹਾਂ ਦਾ ਪਰਿਵਾਰ ਸੀ? ਕੀ-ਕੀ ਪੜ੍ਹਿਆ ਬਚਪਨ ਵਿੱਚ ਤੇ ਕਿੱਥੇ ਰਹਿੰਦੇ ਸੀ? ਪਰ ਪਹਿਲਾਂ ਸਾਰੇ ਕਿਰਪਾ ਕਰੋ ਜੀ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਕੁਝ ਰੂਹਾਂ ਧਰਤੀ ਤੇ ਇਹੋ ਜਿਹੀ ਛਾਪ ਛੱਡ ਜਾਂਦੀਆਂ ਹਨ, ਜਿਸ ਛਾਪ ਦੇ ਸਦਕਾ ਲੱਖਾਂ ਪ੍ਰਾਣੀਆਂ ਦੇ ਅੰਦਰ ਗੁਰੂ ਪ੍ਰਤੀ ਪ੍ਰੇਮ ਆ ਜਾਂਦਾ ਹੈ। ਧੰਨ ਧੰਨ ਭਾਈ ਨੰਦ ਲਾਲ ਜੀ ਨੇ ਇਹੋ ਜਿਹੀ ਛਾਪ ਛੱਡ ਦਿੱਤੀ ਹੈ ਕਿ ਆਉਣ ਵਾਲੀ ਪਨੀਰੀ ਦੀਆਂ ਅੱਖਾਂ ਖੋਲ੍ਹ ਦਿੱਤੀਆਂ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੌਣ ਹਨ?

ਧੰਨ ਧੰਨ ਭਾਈ ਨੰਦ ਲਾਲ ਜੀ ਦਾ ਜਨਮ ਅਫਗਾਨਿਸਤਾਨ ਦੇ ਉਸ ਸ਼ਹਿਰ ਵਿੱਚ ਹੋਇਆ ਜਿਸ ਦਾ ਨਾਮ ਹੈ ਗਜ਼ਨੀ। ਭਾਈ ਵੀਰ ਸਿੰਘ ਜੀ ਨੇ ਥੋੜ੍ਹੀ ਜਿਹੀ ਜਗ੍ਹਾ ਵੀ ਲਿਖੀ ਹੈ, ਕੰਧਾਰ ਤੋਂ ਕਾਬਲ ਦੀ ਸੜਕ, ਗਜ਼ਨੀ ਸ਼ਹਿਰ, ਉੱਥੇ ਭਾਈ ਨੰਦ ਲਾਲ ਜੀ ਦਾ ਜਨਮ ਹੋਇਆ। ਪਿਤਾ ਜੀ ਦਾ ਨਾਂ ਛੱਜੂ ਰਾਮ ਹੈ, ਖੱਤਰੀ ਹਨ। ਪਿਤਾ ਜੀ ਵੀ ਵਿਦਵਾਨ ਹਨ। ਹੁਣ ਥੋੜ੍ਹਾ ਧਿਆਨ ਦੇਣਾ, ਦਾਸ ਨੂੰ ਦੱਸਣਾ ਪੈ ਰਿਹਾ ਹੈ, ਮਾਂ ਬਾਪ ਦੇ ਪਹਿਲਾ ਬੱਚਾ ਹੋਇਆ, ਡੈੱਥ ਹੋ ਗਈ। ਦੂਜਾ ਹੋਇਆ ਡੈੱਥ ਹੋ ਗਈ। ਇਸ ਤਰ੍ਹਾਂ ਭਾਈ ਨੰਦ ਲਾਲ ਜੀ ਤੋਂ ਪਹਿਲੇ ਭੈਣ-ਭਰਾ ਬਚੇ ਨਹੀਂ। ਪਿਤਾ ਜੀ ਦੀ ਉਮਰ ਤਕਰੀਬਨ 50 ਸਾਲ ਦੀ ਹੋ ਗਈ ਤੇ ਉਦੋਂ ਭਾਈ ਨੰਦ ਲਾਲ ਜੀ ਦਾ ਜਨਮ ਹੋਇਆ। ਪਿਤਾ ਜੀ ਦੀ ਦੁਨਿਆਵੀਂ ਉਮਰ 50 ਸਾਲ ਤੇ ਪਹਿਲੇ ਬੱਚਿਆਂ ਦੀ ਡੈੱਥ ਹੋ ਗਈ ਹੈ। ਹੁਣ ਜਦੋਂ ਇਹੋ ਜਿਹਾ ਕਰਮ ਵਰਤ ਜਾਵੇ, ਕੁਝ ਬੱਚੇ ਇਸ ਤਰ੍ਹਾਂ ਚੜ੍ਹਾਈ ਕਰ ਜਾਣ ਤੇ ਫਿਰ ਉਸ ਨੂੰ ਕਹਿੰਦੇ ਹਨ, ਸੇਕਵੀਂ ਔਲਾਦ। ਇਸ ਕਰਕੇ ਪਿਤਾ ਛੱਜੂ ਰਾਮ ਜੀ ਦਾ ਆਪਣੇ ਪੁੱਤਰ ਭਾਈ ਨੰਦ ਲਾਲ ਜੀ ਪ੍ਰਤੀ ਵਤੀਰਾ

ਬੜਾ ਨਰਮ।

ਇਹ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਪਿਤਾ ਛੱਜੂ ਰਾਮ ਜੀ ਖੁਦ ਵਿਦਵਾਨ ਹਨ, ਬਹੁਤ ਵੱਡੇ। ਔਰ ਮਨ ਵਿੱਚ ਇਹੋ ਜਿਹੀ ਇੱਕ ਵਿਲ-ਪਾਵਰ ਹੈ, ਮੈਂ ਆਪਣੇ ਬੱਚੇ, ਭਾਈ ਨੰਦ ਲਾਲ ਨੂੰ ਧਾਰਮਿਕ ਮਾਹੌਲ ਦੇਵਾਂ, ਧਾਰਮਿਕ ਭਾਵ ਦੇਵਾਂ ਕਿਉਂਕਿ ਇਹੋ ਮੇਰੀ ਔਲਾਦ ਬਚੀ ਹੈ। ਇਸ ਦੇ ਅੰਦਰ ਧਾਰਮਿਕ ਸੰਸਕਾਰ, ਭਲੇ ਦੇ ਸੰਸਕਾਰ, ਉਹ ਪੈਦਾ ਕਰਾਂ। ਜਿਹੜੀ ਸੰਗਤ ਇਹ ਬਚਨ ਪੜ੍ਹ ਰਹੀ ਉਨ੍ਹਾਂ ਅੰਦਰ ਵੀ ਆਪਣੇ ਬੱਚਿਆਂ ਪ੍ਰਤੀ ਇਹ ਦਰਦ ਹੋਵੇ ਕਿ ਮੈਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਦੀ ਵੱਡੀ ਤੋਂ ਵੱਡੀ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਭਾਓ ਵੀ ਦੇਵਾਂ। ਜਿਨ੍ਹਾਂ ਅੰਦਰ ਇਹ ਦਰਦ ਹੋਵੇਗਾ ਉਹ ਆਪਣੇ ਬੱਚਿਆਂ ਲਈ ਸਕੂਲ ਦੀ ਚੋਣ ਸੋਚ ਕੇ ਕਰਨਗੇ। ਇਹੋ ਜਿਹਾ ਸਕੂਲ ਲੱਭਣਗੇ, ਜਿੱਥੇ ਸਾਡਾ ਬੱਚਾ ਪੜ੍ਹੇ ਤੇ ਜਦੋਂ 8-9 ਸਾਲ ਦਾ ਹੋਵੇ ਇਸ ਨੂੰ ਜਪੁ ਜੀ ਸਾਹਿਬ ਵੀ ਕੰਠ ਹੋ ਜਾਵੇ ਤੇ ਜਿਵੇਂ ਜਿਵੇਂ ਹੋਰ ਵੱਡਾ ਹੋਵੇ, ਅਗਲੀਆਂ ਨਿਤਨੇਮ ਦੀਆਂ ਬਾਣੀਆਂ ਵੀ ਕੰਠ ਹੋ ਜਾਣ। ਜਿਸ ਦੇ ਅੰਦਰ ਇਹ ਭਾਓ ਨਹੀਂ, ਉਹ ਕੇਵਲ ਉਨ੍ਹਾਂ ਸਕੂਲਾਂ ਦੀ ਚੋਣ ਕਰਦਾ ਹੈ, ਜਿੱਥੇ ਬੱਚੇ ਦੀ ਦੁਨਿਆਵੀਂ ਪੜ੍ਹਾਈ-ਲਿਖਾਈ ਸਿਰੇ ਦੀ ਹੋਵੇ।

ਦਾਸ ਪਿਤਾ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਇੱਕ ਸਵਾਸ ਦਾ ਭਰੋਸਾ ਨਹੀਂ ਹੈ, ਇੱਕ ਤਿੱਲ ਜਿੰਨੀ ਚੀਜ਼ ਨਾਲ ਨਹੀਂ ਜਾਣੀ ਪਰ ਜੇਕਰ ਆਪਣੇ ਬੱਚਿਆਂ ਪ੍ਰਤੀ ਅਸੀਂ ਆਪਣੇ ਧਾਰਮਿਕ ਭਾਓ ਨੂੰ ਪਹਿਲ ਦੇ ਦੇਵਾਂਗੇ ਤਾਂ ਸਾਧ ਸੰਗਤ ਜੀ, ਸਭ ਤੋਂ ਵੱਡੀਆਂ ਖੁਸ਼ੀਆਂ ਬਾਜਾਂ ਵਾਲੇ ਦੀਆਂ ਸਾਡੀਆਂ ਝੋਲੀ ਵਿੱਚ ਪੈਣਗੀਆਂ। ਅਸੀਂ ਗਲਤ ਦੋਸ਼ ਦਿੰਦੇ ਹਾਂ, ਪ੍ਰਚਾਰ ਦੀ ਕਮੀ ਹੈ। ਅਸੀਂ ਗਲਤ ਦੋਸ਼ ਦਿੰਦੇ ਹਾਂ, ਫਲਾਣੀ ਕਮੇਟੀ ਕੁਝ ਨਹੀਂ ਕਰਦੀ। ਅਸੀਂ ਗਲਤ ਦੋਸ਼ ਦਿੰਦੇ ਹਨ, ਸੰਸਥਾਵਾਂ ਪ੍ਰਚਾਰ ਨਹੀਂ ਕਰ ਰਹੀਆਂ ਪਰ ਅੱਜ ਸੋਚਣ ਦੀ ਲੋੜ ਹੈ, ਸਭ ਤੋਂ ਪਹਿਲਾ ਪ੍ਰਚਾਰਕ ਬੱਚੇ ਦੇ ਮਾਤਾ-ਪਿਤਾ ਆਪ ਹਨ। ਜਦੋਂ ਦਾਸ ਇਨ੍ਹਾਂ ਅੱਖਾਂ ਨਾਲ ਦੇਖਦਾ ਹੈ, ਦੁਨੀਆਂ ਵਿੱਚ ਕੀ ਕੁਝ ਹੋ ਰਿਹਾ ਹੈ ਪਰ ਜਦੋਂ ਵੀਰਵਾਰ ਸਮਾਗਮ ਤੇ ਆਉਣ ਵਾਲੇ ਦੀ ਬੱਚੀ ਨੂੰ ਦੇਖਦਾ ਹੈ ਕਿ ਨੰਗੇ ਸਿਰ ਨੌਕਰੀ ਜਾਂਦੀ ਹੈ ਜਾਂ ਭੜਕੀਲੇ ਕੱਪੜੇ ਪਾ ਕੇ ਜਾਂਦੀ ਹੈ ਤਾਂ ਦਾਸ ਦਾ ਹਿਰਦਾ ਛਲਣੀ ਛਲਣੀ ਹੋ ਜਾਂਦਾ ਹੈ ਕਿ ਅਤਿ ਲੋੜ ਹੈ ਧਿਆਨ ਦੇਣ ਦੀ।

ਦਾਸ ਦੀ ਬੇਨਤੀ ਹੈ ਕਿ ਦੁਨੀਆਂ ਭਾਵੇਂ ਜੋ ਮਰਜ਼ੀ ਕਰੇ ਪਰ ਜੇ ਅਸੀਂ ਹਰ ਵੀਰਵਾਰ ਸਮਾਗਮ ਤੇ ਆਉਣ ਵਾਲੇ ਸੰਗੀ ਹਾਂ ਜਾਂ ਕਿਸੇ ਸਤਿਪੁਰਸ਼ ਦੀ ਸੰਗਤ ਕਰਦੇ ਹਾਂ ਤੇ ਯਤਨ ਕਰੋ, ਸਾਡੇ ਬੱਚਿਆਂ ਵਿੱਚ ਦਫਤਰ ਜਾਣ ਸਮੇਂ, ਨੌਕਰੀ ਜਾਣ ਸਮੇਂ, ਪੜ੍ਹਾਈਆਂ ਤੇ ਜਾਣ ਸਮੇਂ, ਕਾਲਜਾਂ ਵਿੱਚ ਜਾਣ ਸਮੇਂ, ਉਨ੍ਹਾਂ ਦੇ ਅੰਦਰ ਧਾਰਮਿਕ ਭਾਵ ਬਣਿਆ ਰਹੇ। ਇਸ ਲਈ ਗੁਰੂ ਸਾਹਿਬ ਅੱਗੇ ਅਰਦਾਸਾਂ ਕਰੋ। ਇਹ ਲੋੜ ਹੈ।

ਧੰਨ ਧੰਨ ਭਾਈ ਨੰਦ ਲਾਲ ਜੀ ਦੇ ਪਿਤਾ ਜੀ ਦੇ ਦੋ ਵਤੀਰੇ ਲਿਖੇ ਹਨ, ਭਾਈ ਵੀਰ ਸਿੰਘ ਜੀ ਨੇ ਤੇ ਸੂਰਜ ਪ੍ਰਕਾਸ਼ ਵਿੱਚ ਵੀ। ਔਲਾਦ ਬੜੇ ਚਿਰ ਬਾਅਦ ਹੋਈ ਤੇ ਇੱਕ ਇਹੋ ਸੋਚ ਹੈ ਕਿ ਮੈਂ ਇਸ ਨੂੰ ਧਾਰਮਿਕ ਸੰਸਕਾਰ ਦੇਵਾਂ ਤੇ ਇੰਨੇ ਬੱਚੇ ਚੜ੍ਹਾਈ ਕਰਨ ਤੋਂ ਬਾਅਦ ਜੇ ਇਹ ਬਚਿਆ ਹੈ, ਇਹੋ ਜਿਹਾ ਕੰਮ ਕਰਕੇ ਜਾਵੇ, ਇਹੋ ਜਿਹੇ ਕਦਮ ਪੁੱਟ ਕੇ ਜਾਵੇ ਕਿ ਫਿਰ ਦੁਨੀਆਂ ਦੇਖੇ। ਦਾਸ ਨੂੰ ਕਹਿਣ ਵਿੱਚ ਕੋਈ ਝਿਜਕ ਨਹੀਂ, ਦਾਸ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ ਕਿ ਦਾਸ ਦੀ ਜ਼ਿੰਦਗੀ ਵਿੱਚ ਵੀ ਧੰਨ ਧੰਨ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਪ੍ਰਤੀ ਜੋ ਸ਼ਰਧਾ ਬਣਾਈ ਹੈ, ਉਹ ਭਾਈ ਨੰਦ ਲਾਲ ਜੀ ਦੇ ਕਦਮਾਂ ਨੇ ਬਣਾਈ ਹੈ। ਕੈਸੀ ਉਨ੍ਹਾਂ ਦੀ ਸ਼ਰਧਾ ਸੀ :

***ਖ਼ਾਲਿਸੋ ਬੇਕੀਨਾ ਗੁਰ ਗੋਬਿੰਦ ਸਿੰਘ***
***ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੧੨੪॥***

***(ਭਾਈ ਨੰਦ ਲਾਲ ਜੀ, ਗੰਜਨਾਮਾ)***

ਦੇਖੋ ਕਿੰਨੀ ਭਾਵਨਾ ਭਰੀ ਹੋਈ ਹੈ। ਕਿੰਨੀ ਸ਼ਰਧਾ ਭਰੀ ਪਈ ਹੈ। ਆਈਨਾ ਦਾ ਕੀ ਅਰਥ ਹੈ, ਸ਼ੀਸ਼ਾ। ਹੱਕ ਹੱਕ ਦਾ ਕੀ ਅਰਥ ਹੈ, ਸੱਚਾ ਰੱਬ। ਇੰਨੀ ਤਕੜੀ ਭਾਵਨਾ ਦੇ ਗਏ, ਉਹ ਕਹਿੰਦੇ ਹਨ, ਰੱਬ ਵੇਖਣਾ ਸ਼ੀਸ਼ੇ ਵਿੱਚ, ਦਰਸ਼ਨ ਕਰਨੇ ਹਨ ਤੇ ਭਾਈ ਨੰਦ ਲਾਲ ਜੀ ਕਹਿੰਦੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰ ਲੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੱਬ ਦਾ ਸ਼ੀਸ਼ਾ ਹਨ।

***ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ***
***ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ ॥੧੩੬॥***

***(ਭਾਈ ਨੰਦ ਲਾਲ ਜੀ, ਗੰਜਨਾਮਾ)***

ਕਾਦਿਰਿ ਦਾ ਅਰਥ ਹੈ ਕਾਬਲ, ਸਮਰੱਥ ਭਾਵ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਕਾਰਜ ਕਰਨ ਦੇ ਸਮਰੱਥ ਹਨ। ਇੰਨਾ ਪਿਆਰ, ਇੰਨਾ ਪਿਆਰ ਦੇ ਨਕਸ਼ੇ ਵਿੱਚ ਚਲੇ। ਕੈਸੇ ਪ੍ਰੇਮ ਦੇ ਨਕਸ਼ੇ ਖਿੱਚੇ। ਬਿਲਕੁਲ ਢਿੱਲੇ ਨਾ ਪੈਣਾ। ਬਿਲਕੁਲ ਸਾਦੇ ਕੰਮ ਕਰਨੇ ਪੈਂਦੇ ਹਨ, ਉਹ ਵੀ ਕਰੋ। ਡਾਇਰੀ ਲਗਾਉਣੀ ਪੈਂਦੀ ਹੈ, ਲਗਾਓ ਰੋਜ਼ ਆਪਣੇ ਬੱਚਿਆਂ ਨੂੰ ਰਾਤ ਸੌਣ ਵੇਲੇ ਪੁੱਛੋ, ਬੇਟਾ, ਕਿਹੜਾ-ਕਿਹੜਾ ਪਾਠ ਕੀਤਾ ਹੈ? ਤੁਹਾਡੇ ਪੰਜ ਮਿੰਟ ਲਗਾਉਣ ਨਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਨਾਲ ਕਹਿੰਦਾ ਹਾਂ, ਆਪਣੀਆਂ ਦੋਹਾਂ ਮੁੱਠਾਂ ਤੁਹਾਡੀ ਝੋਲੀ ਵਿੱਚ ਖੋਲ੍ਹਣਗੇ। ਇਹ ਹੈ ਅਸਲੀ ਮਾਂ। ਇਹ ਹੈ ਅਸਲੀ ਪਿਓ। ਉਹ ਪਿਓ ਬੜੇ ਵੇਖੇ, ਉਹ ਮਾਵਾਂ ਬੜੀਆਂ ਵੇਖੀਆਂ, ਜਿਹੜੀਆਂ ਬੱਚਿਆਂ ਨੂੰ ਵਟਕ ਪੁੱਛਦੀਆਂ ਹਨ। ਉਹ ਮਾਂ-ਪਿਓ ਬੜੇ ਵੇਖੇ ਹਨ, ਅੱਜ ਕਿਸ ਨੂੰ ਮਿਲ ਕੇ ਆਇਆ ਹੈਂ, ਇਹ ਦੇਖਦੇ ਹਨ। ਉਹ ਮਾਂ ਬਾਪ ਬਹੁਤ ਵੇਖੇ ਹਨ, ਅੱਜ ਕਿੰਨਾ ਮੁਨਾਫਾ ਹੋਇਆ ਹੈ, ਇਹ ਦੇਖਦੇ ਹਨ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਮੈਨੂੰ ਉਹ ਮਾਂ-ਬਾਪ ਲੋੜ ਹਨ, ਜਿਹੜੇ ਡਾਇਰੀ ਲਾ ਕੇ ਰਾਤ ਨੂੰ ਬੱਚੇ ਦਾ ਨਿਤਨੇਮ ਵੇਖਣ। ਕੁਝ ਅਸਰ ਤਾਂ ਹੋਵੇ। ਇਸ ਨਾਲ ਹੀ ਫਰਕ ਪਵੇਗਾ।

***ਕਿਸੀ ਨੇ ਪੂਛਾ ਤੇਰਾ ਪਰਿਵਾਰ ਕਿਤਨਾ ਹੈ।***
***ਕਿਸੀ ਨੇ ਪੂਛਾ ਤੇਰਾ ਕਾਰੋਬਾਰ ਕਿਤਨਾ ਹੈ।***
***ਕਿਸੀ ਨੇ ਪੂਛਾ ਤੇਰਾ ਘਰ-ਬਾਰ ਕਿਤਨਾ ਹੈ।***
***ਪਰ ਕਿਸੀ ਵਿਰਲੇ ਨੇ ਪੂਛਾ***
***ਤੇਰਾ ਗੁਰੂ ਸੇ ਪਿਆਰ ਕਿਤਨਾ ਹੈ।***

------

***ਪੂਤਾ ਮਾਤਾ ਕੀ ਆਸੀਸ ॥***
***ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ***
***ਸਦਾ ਭਜਹੁ ਜਗਦੀਸ ॥੧॥***

***(ਅੰਗ ੪੯੬)***

ਇਹ ਲੋੜ ਹੈ। ਅੱਜ ਇਹ ਵਿਲ ਪਾਵਰ ਲੈ ਜਾਓ। ਅੱਜ ਕਿਸੇ ਨੂੰ ਦੋਸ਼ ਦੇਣ ਦੀ ਲੋੜ ਨਹੀਂ। ਹਰ ਸਿੱਖ ਨੇ ਪ੍ਰਚਾਰਕ ਬਣਨਾ ਹੈ। ਪਹਿਲਾ ਪ੍ਰਚਾਰਕ ਮਾਂ-ਬਾਪ ਹੈ। ਘਰ ਤੋਂ ਸ਼ੁਰੂ ਹੋਵੋ ਉਸ ਤੋਂ ਬਾਅਦ ਆਲੇ-ਦੁਆਲੇ ਨੂੰ ਜੋੜੋ। ਗੁਰੂ ਸਾਹਿਬ ਕ੍ਰਿਪਾ ਕਰਨ, ਬਖਸ਼ਿਸ਼ ਕਰਨ। ਦਾਸ ਨਾਲ ਵੀ ਜੱਥਾ ਹੈ। ਦਾਸ ਫਿਰ ਮੁੰਡਿਆਂ ਨੂੰ ਪੁੱਛਦਾ ਹੈ। ਕੋਈ ਰਾਤੀਂ ਤਿੰਨ ਪਹਿਰੇ ਜਾਣ ਵਾਲਾ ਹੈ, ਕੋਈ ਰਾਤੀਂ ਸ੍ਰੀ ਦਰਬਾਰ ਸਾਹਿਬ ਜਾਣ ਵਾਲਾ, ਸਵੇਰੇ ਪਹਿਲੀ ਅਰਦਾਸ, ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ, ਉਸ ਸਮੇਂ ਜਾਂਦੇ ਹਨ। ਰੁਟੀਨਾਂ ਬਣਾਈਆਂ ਹਨ ਤੇ ਫਿਰ ਪੁੱਛਦੇ ਰਹੀਦਾ ਹੈ, ਰਾਤੀਂ ਦਸ ਵਜੇ ਸ੍ਰੀ ਦਰਬਾਰ ਸਾਹਿਬ ਜਾਂਦੇ ਹੋ, ਸਵੇਰੇ ਚਾਰ-ਪੰਜ ਵਜੇ

ਵਾਪਸ ਆਉਂਦੇ ਹੋ ਤੇ ਕਿਤੇ ਪਰਕਰਮਾ ਵਿੱਚ ਗੱਲਾਂ ਤਾਂ ਨਹੀਂ ਮਾਰਦੇ। ਕਿਤੇ ਪਰਕਰਮਾ ਵਿੱਚ ਵਟਸਐੱਪ ਤਾਂ ਨਹੀਂ ਖੁੱਲ੍ਹਦਾ, ਕਿਤੇ ਉੱਥੇ ਮੋਬਾਇਲ ਤਾਂ ਨਹੀਂ ਚਲਦਾ ਹੁੰਦਾ। ਪਹਿਲਾਂ ਆਪਣੇ ਤੋਂ ਤੇ ਫਿਰ ਆਪਣੇ ਬੱਚਿਆਂ ਤੋਂ ਸ਼ੁਰੂ ਹੋ ਕੇ ਤੇ ਫਿਰ ਆਲੇ-ਦੁਆਲੇ ਵਿੱਚ ਵੀ ਦੇਖੋ। ਬਾਬਾ ਸੁਖਦੇਵ ਸਿੰਘ ਜੀ ਬਹੁਤ ਪੁੱਛਦੇ ਹਨ। ਜਦੋਂ ਉਨ੍ਹਾਂ ਕੋਲ ਬੈਠਦੇ ਹਾਂ ਤੇ ਫਿਰ ਕੋਈ ਨਾ ਕੋਈ ਗੱਲ ਛੇੜਦੇ ਹਨ। ਦਾਸ ਕਈ ਵਾਰੀ ਸੋਚਦਾ ਹੈ, ਬਾਬਾ ਜੀ ਬੈਠੇ ਹੋਣ, ਗੱਲ ਕੋਈ ਨਾ ਕੋਈ ਛੇੜ ਲੈਂਦੇ ਹਨ। ਇਸ ਗੱਲ ਦੀ ਬਾਅਦ ਵਿੱਚ ਸਮਝ ਲੱਗੀ। ਵਾਕਿਆ ਆਲੇ-ਦੁਆਲੇ ਨੂੰ ਵੀ ਸੰਵਾਰਨਾ ਜ਼ਰੂਰੀ ਹੈ। ਜਿੰਨਾ ਮੈਨੂੰ ਰੱਬ ਨੇ ਆਲਾ-ਦੁਆਲਾ ਦਿੱਤਾ ਹੈ, ਇਹ ਪਿਛਲੇ ਸੰਸਕਾਰ ਹਨ। ਆਪਾਂ ਸਾਰੇ ਇਕੱਠੇ ਹੁੰਦੇ ਹਾਂ, ਇਹ ਵੀ ਕੋਈ ਪਿਛਲੇ ਸੰਸਕਾਰ ਹਨ। ਪਹਿਲਾਂ ਕਿਤੇ ਹੁੰਦੇ ਰਹੇ ਹੋਵਾਂਗੇ, ਫਿਰ ਜਿਵੇਂ ਜਿਵੇਂ ਸਮੇਂ ਅਨੁਸਾਰ ਉਨ੍ਹਾਂ ਸੰਸਕਾਰਾਂ ਵਿੱਚ ਗੁਰੂ ਸਾਹਿਬ ਦੀ ਡਿਊਟੀ ਨਿਭੇ। ਭਾਈ ਨੰਦ ਲਾਲ ਜੀ ਦੇ ਪਿਤਾ ਜੀ ਨੇ ਦੋ ਵਤੀਰੇ ਰੱਖੇ, ਔਲਾਦ ਪ੍ਰਤੀ, ਇੱਕ ਤਾਂ ਨਰਮ ਵਤੀਰਾ ਤੇ ਦੂਜਾ ਧਾਰਮਿਕ ਭਾਵ। ਇਹ ਗੱਲਾਂ ਸਮਝਣ ਵਾਲੀਆਂ ਹਨ। ਅੱਜ ਮਾਣ ਨਾਲ ਦਾਸ ਕਹਿੰਦਾ ਹੈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਦੋਂ ਦਾਸ ਜਾਂਦਾ ਹੈ ਤਾਂ ਜਦੋਂ ਕੋਈ ਰਾਗੀ ਸਿੰਘ ਸ਼ਬਦ ਸ਼ੁਰੂ ਕਰਦੇ ਹਨ :

***ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੧੦੭॥***

***(ਭਾਈ ਨੰਦ ਲਾਲ ਜੀ, ਗੰਜਨਾਮਾ)***

ਦਾਸ ਅੰਦਰ ਇੰਨਾ ਪਿਆਰ ਤੇ ਮਾਣ ਆਉਂਦਾ ਹੈ, ਕਿਉਂ? ਪਿਤਾ ਛੱਜੂ ਰਾਮ ਜੀ ਨੇ ਭਾਈ ਨੰਦ ਲਾਲ ਜੀ ਨੂੰ ਧਾਰਮਿਕ ਭਾਵ ਦਿੱਤੇ ਹਨ, ਆਪ ਜੀ ਦੀ ਮਾਤਾ ਜੀ ਨੇ ਧਾਰਮਿਕ ਭਾਵ ਦਿੱਤੇ ਹਨ ਤੇ ਅੱਜ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਸੱਚਖੰਡ ਅੰਦਰ ਭਾਈ ਨੰਦ ਲਾਲ ਜੀ ਦੀ ਬਾਣੀ ਪੜ੍ਹੀ ਜਾਂਦੀ ਹੈ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਘਰ ਹਰਿਮੰਦਰ ਹੈ, ਦਰਗਾਹ ਹੈ, ਸੱਚਖੰਡ ਹੈ। ਇਹ ਕੋਈ ਛੋਟੀ ਜਿਹੀ ਗੱਲ ਹੈ? ਗੁਰੂ ਸਾਹਿਬ ਨੇ ਕਿਵੇਂ ਰਾਗੀਆਂ ਦੀਆਂ ਰਸਨਾ ਤੇ ਬਿਠਾ ਦਿੱਤਾ, ਸਾਡੇ ਕੰਨਾਂ ਵਿੱਚ ਉਨ੍ਹਾਂ ਦੇ ਬੋਲ ਪਾ ਦਿੱਤੇ। ਮੁੱਢ ਤਾਂ ਉੱਥੋਂ ਹੀ ਹੈ। ਭਾਈ ਨੰਦ ਲਾਲ ਜੀ ਦੇ ਪਿਤਾ ਜੀ ਛੱਜੂ ਰਾਮ, ਕੁਝ ਬੱਚੇ ਚੜ੍ਹਾਈ ਕਰ ਗਏ ਸਨ, 50 ਸਾਲ ਦੀ ਉਮਰ ਪਿਤਾ ਜੀ ਦੀ ਤੇ ਇਨ੍ਹਾਂ ਦਾ ਜਨਮ ਹੋਇਆ। ਪਹਿਲੇ ਬੱਚੇ ਨਹੀਂ ਬਚੇ ਪਰ ਇਹ ਬਚ ਗਏ ਤੇ ਪਿਤਾ ਜੀ ਦਾ ਭਾਈ ਨੰਦ ਲਾਲ ਜੀ ਪ੍ਰਤੀ ਨਰਮ ਰਵੱਈਆ ਤੇ ਧਾਰਮਿਕ ਭਾਵ ਦਿੱਤੇ।

ਬਾਰ੍ਹਾਂ ਸਾਲ ਦੇ ਸੀ। ਕਾਫੀ ਚੰਗੀ ਪੜ੍ਹਾਈ ਕਰਵਾਈ, ਅਰਬੀ-ਫਾਰਸੀ ਆਦਿ ਭਾਸ਼ਾਵਾਂ ਸਿਖਾਈਆਂ। ਧਿਆਨ ਦੇਣਾ। ਆਪਣੇ ਕੁੱਲ ਗੁਰੂ ਨੂੰ ਬੁਲਾਇਆ, ਅੱਜ ਬੱਚੇ ਦੀ ਮਰਿਆਦਾ ਕਰਨੀ ਹੈ। ਛੱਜੂ ਰਾਮ ਪਿਤਾ ਜੀ ਨੇ ਬੁਲਾਇਆ। ਇਹ ਗਜ਼ਨੀ ਦੀ ਗੱਲ ਹੈ। ਕੁੱਲ ਵਿੱਚੋਂ ਜਿਹੜਾ ਗੁਰੂ ਹੈ, ਉਨ੍ਹਾਂ ਦੇ ਰਿਵਾਜ਼ ਸੀ, ਗਲੇ ਵਿੱਚ ਕੈਂਠੀ ਪਾਉਂਦੇ ਸੀ, ਉਹ ਪਾਉਣ ਤੋਂ ਬਾਅਦ ਗੁਰੂ ਵਾਲਾ ਬਣਾਉਣ ਦੀ ਰਸਮ ਪੂਰੀ ਹੁੰਦੀ ਸੀ। ਉਹ ਪਾਉਣ ਲੱਗੇ ਤੇ ਬਾਰ੍ਹਾਂ ਸਾਲ ਦੇ ਭਾਈ ਨੰਦ ਲਾਲ ਜੀ ਕੁੱਲ ਗੁਰੂ ਨੂੰ ਕਹਿੰਦੇ ਹਨ, ਮੈਨੂੰ ਇਹ ਕਿਉਂ ਪਾ ਰਹੇ ਹਨ? ਉਹ ਕਹਿੰਦੇ ਹਨ ਕਿ ਤੈਨੂੰ ਅਸੀਂ ਆਪਣੇ ਮਤ ਵਿੱਚ ਸ਼ਾਮਲ ਕਰ ਰਹੇ ਹਾਂ। ਅੱਜ ਤੋਂ ਬਾਅਦ ਤੂੰ ਸਾਡੇ ਮਤ ਵਿੱਚ ਸ਼ਾਮਲ ਹੋ ਜਾਵੇਂਗਾ ਇਹ ਤਾਂ ਪਾ ਰਹੇ ਹਾਂ। ਫਿਰ ਇਸ ਤੋਂ ਬਾਅਦ ਕੀ ਕਰੋਗੇ? ਕਹਿਣ ਲੱਗੇ, ਤੈਨੂੰ ਮੰਤਰ ਦੇਵਾਂਗੇ। ਭਾਈ ਨੰਦ ਲਾਲ ਜੀ ਕਹਿੰਦੇ, ਫਿਰ ਇਸ ਤੋਂ ਬਾਅਦ ਕੀ ਕਰੋਗੇ? ਫਿਰ ਇਸ ਤੋਂ ਬਾਅਦ ਤੂੰ ਸਾਡਾ ਸੇਵਕ ਬਣ ਜਾਵੇਂਗਾ, ਅਸੀਂ ਤੇਰੇ ਗੁਰੂ ਬਣ ਜਾਵਾਂਗੇ। ਫਿਰ ਇਸ ਤੋਂ ਬਾਅਦ ਕੀ ਕਰੋਗੇ?

ਉਹ ਕਹਿਣ ਲੱਗੇ, ਬੱਸ, ਅਸੀਂ ਤੇਰੇ ਗੁਰੂ ਹੋ ਗਏ, ਤੂੰ ਸਾਡਾ ਸੇਵਕ ਹੋ ਗਿਆ। ਭਾਈ ਨੰਦ ਲਾਲ ਜੀ ਕਹਿਣ ਲੱਗੇ, ਮੈਨੂੰ ਉਹ ਕੰਠੀ ਪਹਿਨਾਓ, ਮੇਰੇ ਕੰਠ ਵਿੱਚ ਪਰਮੇਸ਼ਰ ਦਾ ਨਾਮ ਚੱਲ ਪਵੇ। ਕੁੱਲ ਗੁਰੂ ਅਸੂਲੀ ਸੀ, ਉਸ ਨੇ ਨਾਲ ਹੀ ਕਹਿ ਦਿੱਤਾ, ਉਹ ਕੰਠੀਂ ਮੇਰੇ ਕੋਲ ਨਹੀਂ ਹੈ ਜਿਸ ਦੇ ਪਾਉਣ ਨਾਲ ਤੇਰੇ ਹਿਰਦੇ ਵਿੱਚ ਹੀਰਿਆਂ ਰੂਪੀ ਨਾਮ ਚੱਲ ਪਵੇ। ਭਾਈ ਨੰਦ ਲਾਲ ਜੀ ਕਹਿਣ ਲੱਗੇ ਫਿਰ ਮੈਨੂੰ ਮੁਆਫੀ ਦੇ ਦਿਓ ਮੈਂ ਇਹ ਕੰਠੀ ਨਹੀਂ ਪਾਉਣੀ। ਕੁੱਲ ਗੁਰੂ ਜੀ ਚਲੇ ਗਏ। ਪਿਤਾ ਜੀ ਸਮਝੇ ਕਿ ਸਾਡੇ ਕੁੱਲ ਗੁਰੂ ਨਰਾਜ਼ ਹੋ ਗਏ ਹਨ। ਸਾਡੇ ਬੱਚੇ ਨੇ ਕੁੱਲ ਗੁਰੂ ਨੂੰ ਨਾਰਾਜ਼ ਕਰ ਦਿੱਤਾ ਹੈ। ਪਿਤਾ ਜੀ ਕੁੱਲ ਗੁਰੂ ਦੇ ਅਸਥਾਨ ਤੇ ਗਏ, ਮੁਆਫੀ ਮੰਗਣ। ਅੱਜ ਵਰਗਾ ਕੋਈ ਨਕਲੀ ਹੁੰਦਾ ਤੇ ਪੁੱਛੋ ਕੁਝ ਨਾ, ਆਫਤ ਆ ਜਾਣੀ ਸੀ। ਅੱਜ ਜਦੋਂ ਪਿਤਾ ਜੀ ਕੁੱਲ ਗੁਰੂ ਦੇ ਅਸਥਾਨ ਤੇ ਮੁਆਫੀ ਮੰਗਣ ਗਏ ਕਿ ਮੇਰੇ ਪੁੱਤਰ ਨੇ ਕੈਂਠੀ ਪਾਈ ਨਹੀਂ ਤੇ ਬਹੁਤ ਕੁਝ ਕਹਿ ਦਿੱਤਾ ਹੈ। ਅੱਗੋਂ ਕੁੱਲ ਗੁਰੂ ਕਹਿੰਦੇ ਹਨ, ਛੱਜੂ ਰਾਮ, ਮੈਂ ਨਰਾਜ਼ ਨਹੀਂ। ਤੂੰ ਕਹੇਂ, ਮੈਂ ਨਰਾਜ਼ ਹਾਂ ਪਰ ਛੱਜੂ ਰਾਮ ਮੈਂ ਨਰਾਜ਼ ਨਹੀਂ। ਮੈਂ ਤੈਨੂੰ ਅਸ਼ੀਰਵਾਦ ਦਿੰਦਾ ਹਾਂ, ਤੇਰੀ ਕੁੱਲ ਵਧੇ। ਇਹ ਹਨ, ਸੱਚੀਆਂ ਗੱਲਾਂ। ਇਹ ਹਨ, ਸਹੀ ਸੰਤ ਦੀਆਂ ਨਿਸ਼ਾਨੀਆਂ। ਮੈਂ ਅਸ਼ੀਰਵਾਦ ਦਿੰਦਾ ਹਾਂ ਕਿ ਤੇਰੀ ਕੁੱਲ ਵਧੇ ਪਰ ਤੈਨੂੰ ਇੱਕ ਗੱਲ ਦੱਸਦਾ ਹਾਂ, ਇਹ ਬੱਚਾ ਆਮ ਨਹੀਂ ਹੈ। ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਕੁੱਲ ਗੁਰੂ ਨੇ ਕਿਹਾ, ਇਹ ਬੱਚਾ ਸੁੱਤੇ-ਸਿੱਧ ਪਰਮਾਰਥ ਦਾ ਜਗਿਆਸੂ ਹੈ। ਅੱਗੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੱਲ ਆਉਣ ਲੱਗੀ ਹੈ। ਇਸ ਨੇ ਕੋਈ ਉੱਚ-ਕੋਟੀ ਦਾ ਪੁਰਖ ਲੱਭਣਾ ਹੈ ਤੇ ਉਸ ਕੋਲੋਂ ਇਸ ਦੀ ਕਲਿਆਣ ਹੋਣੀ ਹੈ। ਉੱਚ ਕੋਟੀ ਦੇ ਪੁਰਖ ਕੌਣ ਹਨ? ਪਿਆਰ ਨਾਲ ਕਹਿ ਦੇਣਾ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਇਹੋ ਜਿਹੇ ਕੁੱਲ ਗੁਰੂ ਚਾਹੀਦੇ ਹਨ। ਕੁੱਲ ਗੁਰੂ ਕਹਿਣ ਲੱਗਾ, ਮੈਂ ਨਰਾਜ਼ ਨਹੀਂ। ਮੈਂ ਆਸ਼ੀਰਵਾਦ ਦਿੰਦਾ ਹਾਂ ਕਿ ਇਹ ਬੱਚਾ ਸੁੱਤੇ ਸਿੱਧ ਪਰਮਾਰਥ ਦਾ ਰਾਹੀ ਹੈ। ਇਸ ਨੂੰ ਕਿਤੇ ਉੱਚ ਕੋਟੀ ਦੇ ਪੁਰਖ ਦੀ ਭਾਲ ਹੈ, ਉਸ ਨਾਲ ਇਸ ਦੀ ਕਲਿਆਣ ਹੋਣੀ ਹੈ ਤੇ ਇਹੋ ਜਿਹੇ ਬੱਚਿਆਂ ਤੇ ਜ਼ੋਰ ਨਹੀਂ ਕਰਨਾ ਚਾਹੀਦਾ। ਫਿਰ ਭਾਈ ਨੰਦ ਲਾਲ ਜੀ ਦੀ ਕਿਵੇਂ ਬਿੱਧ ਬਣੀ? ਵਿਆਹ ਕਿੱਥੇ ਹੋਇਆ? ਘਰਵਾਲੀ ਦਾ ਕਿੰਨਾ ਨਿਤਨੇਮ ਸੀ? ਇਹ ਚੀਜ਼ਾਂ ਆਪਣੇ ਜੀਵਨ ਵਿੱਚ ਧਾਰਨ ਵਾਲੀਆਂ ਹਨ। ਕਿਵੇਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਹੋਇਆ? ਕਿਵੇਂ ਫਿਰ ਮਨ ਵਿੱਚ ਅਰਦਾਸਾਂ ਕੀਤੀਆਂ, ਮੈਂ ਨਹੀਂ ਜਾਣਾ, ਅੰਤਰਯਾਮੀ ਹਨ ਤਾਂ ਆਪੇ ਸੱਦਣ, ਇਸ ਪ੍ਰਕਰਨ ਤੇ ਗੁਰੂ ਸਾਹਿਬ ਅਗਲੀ ਵਾਰ ਸੇਵਾ ਲੈਣ। ਭਾਈ ਨੰਦ ਲਾਲ ਜੀ ਦੀਆਂ ਨਜ਼ਰਾਂ ਵਿੱਚ ਕਿਹੜਾ ਨਸ਼ਾ ਸੀ, ਪਿਤਾ ਜੀ ਦਾ?

***ਮੁਕਬਲਾਂ ਮੱਦਾਹਿ ਗੁਰ ਗੋਬਿੰਦ ਸਿੰਘ ॥***
***ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੨੦॥***
***ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੧੨੪॥***

*(ਭਾਈ ਨੰਦ ਲਾਲ ਜੀ, ਗੰਜਨਾਮਾ)*

ਸਾਰਿਆਂ ਰਾਜੇ-ਮਹਾਰਾਜਿਆਂ ਦੇ ਖਸਮ ਹਨ। ਸਾਰੀ ਦੁਨੀਆਂ ਦੇ ਆਲਮ ਹਨ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*

***ਧੰਨ ਧੰਨ ਭਾਈ ਨੰਦ ਲਾਲ ਜੀ।***

✪✪✪

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ 154 ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਇਕਤੀਵਾਂ ਸਲੋਕ :***

***ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥***
***ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥***

*(ਅੰਗ ੧੪੨੮)*

ਮਨੁੱਖ ਪ੍ਰਮੇਸ਼ਰ ਦਾ ਸਿਮਰਨ ਨਹੀਂ ਕਰਦਾ, ਮਾਇਆ ਦੇ ਨਸ਼ੇ ਵਿੱਚ ਅੰਨ੍ਹਾ ਹੋ ਰਿਹਾ ਹੈ। ਹਰੀ ਭਜਨ ਤੋਂ ਬਿਨਾਂ ਇਸ ਨੂੰ ਪਰਤ ਕੇ ਜਮਾਂ ਦੀ ਫਾਹੀ ਪੈਂਦੀ ਹੈ।

ਇੱਕ ਮਹਾਂਪੁਰਖ ਨਿਤਨੇਮ ਤੋਂ ਇਲਾਵਾ 25 ਪਾਠ ਜਪੁ ਜੀ ਸਾਹਿਬ ਦੇ ਕਰਦੇ ਸਨ। ਕੁਦਰਤੀ ਤੌਰ ਤੇ ਉਹ ਸਰੀਰਕ ਤੌਰ ਤੇ ਢਿੱਲੇ ਹੋ ਗਏ। ਉਨ੍ਹਾਂ ਦੇ ਕੋਲ ਕਿਸੇ ਇਲਾਕੇ ਦਾ ਜ਼ੈਲਦਾਰ ਗਿਆ। ਹਾਲ-ਚਾਲ ਪੁੱਛਿਆ, ਮਹਾਂਪੁਰਖ ਉਸ ਨਾਲ ਬਚਨ ਕਰਕੇ ਅੰਦਰੋਂ ਅੰਦਰ ਸਿਮਰਨ ਵੀ ਕਰੀ ਜਾਣ। ਜ਼ੈਲਦਾਰ ਕਹਿਣ ਲੱਗਾ ਮਹਾਂਪੁਰਖੋ! ਜੇ ਪਤਾ ਹੈ ਕਿ ਸਰੀਰ ਠੀਕ ਨਹੀਂ, ਕਮਜ਼ੋਰੀ ਹੈ, ਚਾਰ ਦਿਨ ਸਿਮਰਨ ਛੱਡ ਕੇ ਆਰਾਮ ਕਰ ਲਓ, ਕੋਈ ਫਰਕ ਨਹੀਂ ਪੈਂਦਾ।

ਮਹਾਂਪੁਰਖ ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਜ਼ੈਲਦਾਰ ਨੂੰ ਕਹਿਣ ਲੱਗੇ, ਤੁਹਾਡੀ ਕਿੰਨੀ ਕੁ ਜ਼ਮੀਨ ਹੈ? ਜ਼ੈਲਦਾਰ ਕਹਿਣ ਲੱਗਾ, 500 ਵਿਘਾ ਪਿੰਡ ਵਿੱਚ ਹੈ ਤੇ 5 ਮੁਰੱਬੇ ਕਿਸੇ ਹੋਰ ਜਗ੍ਹਾ ਹਨ। ਮਹਾਂਪੁਰਖ ਮੁਸਕਰਾ ਕੇ ਕਹਿਣ ਲੱਗੇ ਜ਼ੈਲਦਾਰਾ! ਜੇ ਤੈਨੂੰ 5 ਮੁਰੱਬੇ ਹੋਰ ਮਿਲ ਜਾਣ ਤਾਂ ਤੇਰਾ ਕੀ ਖਿਆਲ ਹੈ? ਜ਼ੈਲਦਾਰ ਕਹਿਣ ਲੱਗਾ, ਮਹਾਂਪੁਰਖੋ! ਤੁਸੀਂ ਬੰਦਗੀ ਵਾਲੇ ਹੋ ਅਰਦਾਸ ਕਰੋ 5-10 ਮੁਰੱਬੇ ਹੋਰ ਬਣ ਜਾਣ। ਮਹਾਂਪੁਰਖ! ਕਹਿਣ ਲੱਗੇ, ਜ਼ੈਲਦਾਰਾ ਜਿਹੜੀ ਜ਼ਮੀਨ ਇੱਥੇ ਹੀ ਰਹਿ ਜਾਣੀ ਹੈ, ਤੂੰ ਸੋਚਦਾ ਏ ਹੋਰ ਵੱਧ ਜਾਵੇ ਪਰ ਜਿਹੜਾ ਸਿਮਰਨ ਧੁਰ ਤੱਕ ਨਾਲ ਜਾਣਾ ਹੈ, ਮੈਂ ਕਿਉਂ ਨਾ ਹੋਰ ਇਕੱਠਾ ਕਰ ਲਵਾਂ।

ਮਾਇਆ ਦੀ ਤ੍ਰਿਸ਼ਨਾ ਵਾਲਾ ਕਹਿੰਦਾ ਹੈ ਹਜ਼ਾਰ ਦੀ ਥਾਂ ਲੱਖ ਹੋ ਜਾਵੇ ਤੇ ਸਿਮਰਨ ਵਾਲਾ ਕਹਿੰਦਾ ਕਿ ਹੇ ਪਰਮਾਤਮਾ! ਮੇਰਾ ਮੂੰਹ ਤੇਰਾ ਨਾਮ ਜਪਦਾ ਹੀ ਰਹੇ ਤੇ ਇਹ ਨਾਮ ਜਪਣ ਲਈ ਇੱਕ ਜੀਭ ਦੀ ਥਾਂ ਲੱਖ ਜੀਭਾਂ ਹੋ ਜਾਣ।

***ਲਾਖ ਜਿਹਵਾ ਦੇਹੁ ਮੇਰੇ ਪਿਆਰੇ***
***ਮੁਖੁ ਹਰਿ ਆਰਾਧੇ ਮੇਰਾ ਰਾਮ ॥***

*(ਅੰਗ ੭੮੦)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ ਜੋ ਮਾਇਆ ਦੇ ਨਸ਼ੇ ਵਿੱਚ ਪ੍ਰਮੇਸ਼ਰ ਦਾ ਨਾਮ ਨਹੀਂ ਲੈਂਦੇ, ਉਨ੍ਹਾਂ ਨੂੰ ਪਰਤ ਕੇ ਜਮਾਂ ਦੀ ਫਾਹੀ ਪੈਂਦੀ ਹੈ।

❁❁❁

***ਨੌਵੇਂ ਪਾਤਸ਼ਾਹ ਜੀ ਦਾ ਬੱਤੀਵਾਂ ਸਲੋਕ :***

***ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥***
***ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥***

*(ਅੰਗ ੧੪੨੯)*

ਸੁੱਖ ਵਿੱਚ ਬਹੁਤ ਸਾਥੀ ਬਣ ਜਾਂਦੇ ਹਨ ਪਰੰਤੂ ਦੁਖ ਵਿੱਚ ਕੋਈ ਸਾਥੀ ਨਹੀਂ ਬਣਦਾ। ਹੇ ਮਨ! ਹਰੀ ਦਾ ਭਜਨ ਕਰ ਜੋ ਅੰਤ ਸਮੇਂ ਤੇਰੇ ਲਈ ਸਹਾਈ ਹੋਵੇਗਾ।

ਭਾਈ ਪ੍ਰੇਮਾ ਬਹੁਤ ਅਮੀਰ ਸੀ। ਧਨ ਦੌਲਤ ਦੀ ਕੋਈ ਕਮੀ ਨਹੀਂ ਸੀ। ਇਸੇ ਕਰਕੇ ਇਸ ਦੇ ਸੱਜਣ ਮਿੱਤਰ ਕੋਲ ਆ ਕੇ ਬੈਠੇ ਹੀ ਰਹਿੰਦੇ ਸਨ। ਬੁਰੀ ਸੰਗਤ ਹੋਣ ਕਰਕੇ ਇਹ ਐਸ਼ਪ੍ਰਸਤੀ ਵਿੱਚ ਪੈ ਗਿਆ। ਸ਼ਰਾਬਾਂ ਪੀਣੀਆਂ, ਜੂਏ ਖੇਡਣੇ ਤੇ ਮਾੜੇ ਕੰਮ ਕਰਨੇ ਸ਼ੁਰੂ ਕਰ ਦਿੱਤੇ।

ਗੁਰੂ ਕਲਗੀਧਰ ਪਾਤਸ਼ਾਹ ਜੀ ਵੀ ਆਖਦੇ ਹਨ ਕਿ ਇੱਕ ਸ਼ਰਾਬੀ ਹੋਵੇ, ਦੂਜਾ ਚੜ੍ਹਦੀ ਜਵਾਨੀ ਹੋਵੇ, ਤੀਜਾ ਪੈਸਾ ਖੁੱਲ੍ਹਾ ਹੋਵੇ, ਉਹ ਪਾਪ ਕਰਨ ਤੋਂ ਕਿਵੇਂ ਬਚ ਸਕਦਾ ਹੈ। ਉਸ ਨੂੰ ਤਾਂ ਵਾਹਿਗੁਰੂ ਹੀ ਕ੍ਰਿਪਾ ਕਰਕੇ ਬਚਾ ਸਕਦਾ ਹੈ।

***ਏਕ ਮਦੀ ਦੂਜੇ ਤਰੁਨ ਤੀਜੈ ਅਤਿ ਧਨ ਧਾਮ ॥***
***ਪਾਪ ਕਰੇ ਬਿਨ ਕਯੋ ਬਚੈ ਬਚੈ ਬਚਾਵੈ ਰਾਮ ॥***

*(ਸ੍ਰੀ ਦਸਮ ਗ੍ਰੰਥ)*

ਐਸ਼ ਪ੍ਰਸਤੀਆਂ ਵਿੱਚ ਇਸ ਦਾ ਸਾਰਾ ਧਨ ਖਰਚ ਹੋ ਗਿਆ ਤੇ ਸਰੀਰ ਤੇ ਕੋਹੜ ਦਾ ਰੋਗ ਵੀ ਹੋ ਗਿਆ। ਹੁਣ ਇਸ ਦੇ ਸਾਰੇ ਸੱਜਣ ਮਿੱਤਰ ਹੌਲੀ ਹੌਲੀ ਪਿੱਛੇ ਹੱਟ ਗਏ ਅਤੇ ਘਰ ਵਾਲਿਆਂ ਵੀ ਕਹਿ ਦਿੱਤਾ ਘਰ ਨਾ ਵੜਿਆ ਕਰ, ਸਾਨੂੰ ਵੀ ਰੋਗੀ ਕਰ ਦੇਵੇਂਗਾ।

***ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥***
***ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥***

*(ਅੰਗ ੬੩੩)*

ਪਿੰਡ ਵਾਲਿਆਂ ਪਿੰਡੋਂ ਵੀ ਕੱਢ ਦਿੱਤਾ। ਇਹ ਗਲ ਵਿੱਚ ਟਿੰਡ ਪਾ ਕੇ ਉਸ ਰਸਤੇ ਬੈਠ ਗਿਆ ਜਿੱਥੋਂ ਸੰਗਤ ਸ੍ਰੀ ਗੋਇੰਦਵਾਲ ਸਾਹਿਬ ਦਰਸ਼ਨ ਕਰਨ ਵਾਸਤੇ ਲੰਘਦੀ ਸੀ। ਕਿਉਂਕਿ ਇਸਨੂੰ ਪਤਾ ਲੱਗ ਗਿਆ ਸੀ ਕਿ ਆਪਣੇ ਦੁਖ ਉਸੇ ਪਾਸ ਕਹਿਣੇ ਚਾਹੀਦੇ ਹਨ ਜਿਸ ਪਾਸ ਅੱਗੋਂ ਦੇਣ ਲਈ ਸੁਖ ਹੋਵਣ।

***ਦੁਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥***

*(ਅੰਗ ੧੯)*

ਸੰਗਤ ਕੀਰਤਨ ਕਰਦੀ ਹੋਈ ਜਾਂਦੀ ਹੈ ਤੇ ਇਸ ਦੇ ਕੰਨਾਂ ਵਿੱਚ ਵੀ ਗੁਰਬਾਣੀ ਦੀ ਅਵਾਜ਼ ਪੈਂਦੀ ਹੈ। ਸੰਗਤ ਨੇ ਤਰਸ ਕਰਕੇ ਇਸ ਨੂੰ ਸ੍ਰੀ ਗੋਇੰਦਵਾਲ ਸਾਹਿਬ ਪਹੁੰਚਾ ਦਿੱਤਾ। ਪੂਰੇ ਗੁਰੂ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਕੇ, ਕੀਰਤਨ ਸੁਣ ਕੇ ਇਸ ਦੇ ਸਾਰੇ ਰੋਗ ਦੂਰ ਹੋ ਗਏ। ਗੁਰੂ ਸਾਹਿਬ ਨੇ ਇਸ ਦਾ ਨਾਮ ਮੁਰਾਰੀ ਰੱਖ ਕੇ ਇਸ ਦਾ ਵਿਆਹ ਵੀ ਮੱਥੋ ਨਾਮ ਦੀ ਬੱਚੀ ਨਾਲ ਕਰ ਦਿੱਤਾ ਤੇ ਪ੍ਰਚਾਰ ਵਾਸਤੇ ਮੰਜੀ ਵੀ ਬਖਸ਼ ਦਿੱਤੀ ਜਿਹੜੀ ਕਿ ਮੱਥੋ, ਮੁਰਾਰੀ ਵਾਲੀ ਮੰਜੀ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਆਖਦੇ ਹਨ ਸੁਖ ਵਿੱਚ ਬਹੁਤ ਸਾਥੀ ਬਣ ਜਾਂਦੇ ਹਨ ਪਰ ਦੁਖ ਵਿੱਚ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕੋਈ ਸਹਾਈ ਨਹੀਂ ਹੁੰਦਾ।

✪✪✪

***ਨੌਵੇਂ ਪਾਤਸ਼ਾਹ ਜੀ ਦਾ ਤੇਤੀਵਾਂ ਸਲੋਕ :***

***ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥***
***ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥***

*(ਅੰਗ ੧੪੨੯)*

ਜੀਵ ਕਈ ਜਨਮਾਂ ਵਿੱਚ ਭਟਕਦਾ ਫਿਰਦਾ ਹੈ, ਪਰੰਤੂ ਜਮਾਂ ਦਾ ਡਰ ਦੂਰ ਨਹੀਂ ਹੋਇਆ। ਹੇ

ਭਾਈ! ਹਰੀ ਦਾ ਸਿਮਰਨ ਕਰ ਜਿਸ ਨਾਲ ਭੈ-ਰਹਿਤ ਅਵਸਥਾ ਵਿੱਚ ਵਾਸਾ ਪਾਏਂਗਾ।

ਮਨੁੱਖਾ ਜਨਮ ਮਿਲਣ ਤੋਂ ਪਹਿਲਾਂ ਅਸੀਂ ਰੀਂਗਣ ਵਾਲੇ ਕੀੜਿਆਂ ਅਤੇ ਪਤੰਗਿਆਂ (ਉੱਡਣ ਵਾਲੇ) ਜੀਵ ਬਣੇ ਹਾਂ। ਕਈ ਜਨਮ ਹਾਥੀਆਂ, ਮੱਛੀਆਂ ਤੇ ਮਿਰਗਾ ਆਦਿ ਜਾਨਵਰਾਂ ਦੇ ਹੋਏ ਹਾਂ। ਕਈ ਜਨਮ ਕਈ ਤਰ੍ਹਾਂ ਦੇ ਪੰਛੀਆਂ ਤੇ ਸੱਪਾਂ ਦੇ ਹੋਏ। ਕਈ ਜਨਮ ਘੋੜੇ, ਬੈਲ ਤੇ ਹੋਰ ਜਾਨਵਰਾਂ ਦੇ ਵੀ ਦੇਖੇ ਹਨ ਪਰ ਹਰ ਜਨਮ ਦੇ ਵਿੱਚ ਸਾਡੇ ਅੰਦਰ ਮੌਤ ਦਾ ਡਰ ਬਣਿਆ ਹੀ ਰਿਹਾ।

ਮਨੁੱਖਾ ਜਨਮ ਵਿੱਚ ਵੀ ਬੰਦਾ ਭਾਵੇਂ ਬੀਮਾਰੀ ਨਾਲ ਕਿੰਨਾ ਵੀ ਦੁਖੀ ਹੋਵੇ, ਉਸਦੇ ਅੰਦਰ ਵੀ ਡਰ ਹੈ ਕਿ ਮਰ ਨਾ ਜਾਵਾਂ। ਵੱਡੇ ਬੰਦੇ ਆਪਣੇ ਨਾਲ 15-20 ਬਾਡੀਗਾਰਡ ਰੱਖਦੇ ਹਨ ਕਿ ਕੋਈ ਮਾਰ ਨਾ ਜਾਵੇ। ਕੋਈ ਇਨਸਾਨ ਮੌਤ ਤੋਂ ਬਚਣ ਲਈ ਜਿੰਨੇ ਮਰਜ਼ੀ ਦਰਵਾਜ਼ੇ ਆਪਣੀ ਜ਼ਿੰਦਗੀ ਵਿੱਚ ਬਣਾ ਲਏ ਪਰ ਜਿਸ ਦਿਨ ਮੌਤ ਆਉਣੀ ਹੈ ਸਾਰੇ ਦਰਵਾਜ਼ੇ ਭੰਨ ਕੇ ਵੀ ਆ ਜਾਣਾ ਹੈ।

***ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥***

***(ਅੰਗ ੧੩੮੩)***

ਜਿਸ ਵੇਲੇ ਰਾਜੇ ਪ੍ਰੀਸ਼ਤ ਨੇ ਇਹ ਸਰਾਪ ਸੁਣਿਆ ਕਿ ਸੱਤਵੇਂ ਦਿਨ ਮੇਰੀ ਮੌਤ ਤੱਛਕ ਨਾਗ ਦੇ ਡੰਗ ਮਾਰਨ ਨਾਲ ਹੋਣੀ ਹੈ ਤਾਂ ਰਾਜੇ ਨੇ ਗੰਗਾ ਦੇ ਚਲਦੇ ਪ੍ਰਵਾਹ ਵਿੱਚ ਸੀਸ ਮਹੱਲ ਬਣਵਾ ਕੇ ਉੱਥੇ ਰਹਿਣਾ ਸ਼ੁਰੂ ਕਰ ਦਿੱਤਾ ਪਰ ਜਦੋਂ ਸੱਤਵਾਂ ਦਿਨ ਆਇਆ ਤਾਂ ਤੱਛਕ ਨਾਗ ਫੁੱਲਾਂ ਵਾਲੀ ਟੋਕਰੀ ਵਿੱਚ ਬੈਠ ਕੇ ਕੀੜੀ ਦਾ ਨਿੱਕਾ ਜਿਹਾ ਰੂਪ ਧਾਰ ਕੇ ਸੀਸ ਮਹੱਲ ਅੰਦਰ ਪ੍ਰਵੇਸ਼ ਕਰ ਗਿਆ। ਜਦੋਂ ਰਾਜੇ ਨੇ ਟੋਕਰੀ ਵਿੱਚ ਆਏ ਫੁੱਲਾਂ ਨੂੰ ਸੁੰਘਿਆ ਤਾਂ ਤੱਛਕ ਨੇ ਉਸੀ ਵੇਲੇ ਡੰਗ ਮਾਰ ਕੇ ਉਸ ਦੇ ਪ੍ਰਾਣ ਖਿੱਚ ਲਏ।

ਸਤਿਗੁਰੂ ਜੀ ਆਖਦੇ ਹਨ ਜਦੋਂ ਸਾਡਾ ਸਮਾਂ ਆਉਣਾ ਹੈ ਇੱਕ ਨਿੱਕੀ ਜਿਹੀ ਕੀੜੀ ਵੀ ਕੱਟ ਜਾਏ ਤਾਂ ਬੰਦੇ ਦੇ ਪ੍ਰਾਣ ਨਿਕਲ ਜਾਂਦੇ ਹਨ।

***ਹੋਵੰਤਿ ਆਗਿਆ ਭਗਵਾਨ ਪੁਰਖਹ***
***ਨਾਨਕ ਕੀਟੀ ਸਾਸ ਅਕਰਖਤੇ ॥੭॥***

***(ਅੰਗ ੧੩੫੪)***

ਗੁਰਬਾਣੀ ਵਿੱਚ ਲਿਖਿਆ ਹੈ ਕਿ ਜਦੋਂ ਭੂਤਰਿਆ ਹੋਇਆ ਜਮਰਾਜ ਆਉਂਦਾ ਹੈ ਤਾਂ ਉਸ ਨੂੰ ਕੋਈ ਰੋਕ ਨਹੀਂ ਸਕਦਾ ਪਰ ਜਿਨ੍ਹਾਂ ਨੇ ਵਾਹਿਗੁਰੂ ਮੰਤਰ ਜਪਿਆ ਹੋਵੇਗਾ, ਉਨ੍ਹਾਂ ਦੇ ਨੇੜੇ ਨਹੀਂ ਆ ਸਕਦਾ ਤੇ ਨਾਮ ਸੁਣ ਕੇ ਦੂਰੋਂ ਹੀ ਭੱਜ ਜਾਂਦਾ ਹੈ ਕਿਉਂਕਿ ਇਸਦੇ ਨਾਮ ਜਪਣ ਦੇ ਸਦਕਾ ਵੇਪਰਵਾਹ ਪ੍ਰਭੂ ਮੈਨੂੰ ਸਜ਼ਾ ਨਾ ਦੇ ਦੇਵੇ।

***ਅਫਰਿਓ ਜਮੁ ਮਾਰਿਆ ਨ ਜਾਈ ॥***
***ਗੁਰ ਕੈ ਸਬਦੇ ਨੇੜਿ ਨ ਆਈ ॥***
***ਸਬਦੁ ਸੁਣੇ ਤਾ ਦੂਰਹੁ ਭਾਗੈ***
***ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥***

***(ਅੰਗ ੧੦੫੪)***

ਇਸ ਲਈ ਉਸ ਪ੍ਰਭੂ ਦੀ ਬੰਦਗੀ ਕਰੀਏ ਜਿਸ ਨੇ ਜਮ ਨੂੰ ਵੀ ਪੈਦਾ ਕੀਤਾ ਹੈ। ਬੰਦਗੀ ਕਰਾਂਗੇ ਤਾਂ ਫਿਰ ਜਮ ਦਾ ਦੁਖ ਨਹੀਂ ਪੋਂਹਦਾ। ਜਿਨ੍ਹਾਂ ਗੁਰਮੁਖਾਂ ਦੇ ਮਨ ਵਿੱਚ ਸੱਚਾ ਪ੍ਰਭੂ ਵਸਦਾ ਹੈ ਉਨ੍ਹਾਂ ਦੀ ਜਮ ਭੀ ਸੇਵਾ ਕਰਦਾ ਹੈ।

***ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥***
***ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥***

***(ਅੰਗ ੫੮੮)***

ਇਸ ਲਈ ਗੁਰੂ ਜੀ ਆਖਦੇ ਹਨ, ਹੇ ਮਨਾ! ਤੂੰ ਹਰੀ ਦਾ ਸਿਮਰਨ ਕਰ ਨਿਰਭਉ ਪਰਮਾਤਮਾ ਵਿੱਚ ਤੇਰਾ ਵਾਸਾ ਹੋ ਜਾਵੇਗਾ।

❂❂❂

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ-ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀਂ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**31. ਸਵਾਲ: ਸਤਿਕਾਰਯੋਗ ਵੀਰ ਜੀ, ਕੀ ਸਿੱਖ ਨੂੰ ਪਾਨ ਸੁਪਾਰੀ ਖਾਣੀ ਚਾਹੀਦੀ ਹੈ?**

**ਜਵਾਬ:** ਪਾਨ ਸੁਪਾਰੀ ਦੇ ਸੇਵਨ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ ਅਤੇ ਦਸਮ ਪਿਤਾ ਜੀ ਨੇ ਇਸ ਨੂੰ ਚਾਰ ਬਜਰ ਕੁਰਹਿਤਾਂ ਵਿੱਚ ਸ਼ਾਮਿਲ ਕੀਤਾ ਹੈ। ਪੰਜ ਪਿਆਰੇ ਜਦੋਂ ਅੰਮ੍ਰਿਤ ਛਕਾਉਂਦੇ ਹਨ ਤਾਂ ਇਸ ਬਾਰੇ ਬਾਕਾਇਦਾ ਤਾਕੀਦ ਕਰਦੇ ਹਨ ਕਿ ਇਨ੍ਹਾਂ ਦਾ ਸੇਵਨ ਨਹੀਂ ਕਰਨਾ। ਜੇ ਇਹ ਗਲਤੀ ਨਾਲ ਵੀ ਖਾਧੀ ਜਾਵੇ ਤਾਂ ਪੰਜ ਪਿਆਰਿਆਂ ਦੇ ਸਨਮੁਖ ਪੇਸ਼ ਹੋ ਕੇ ਭੁੱਲ ਬਖਸ਼ਾਉਣੀ ਪੈਂਦੀ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਵੀ ਫ਼ਰਮਾਨ ਹੈ:

***ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥***
***ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥***

*(ਅੰਗ ੭੨੬)*

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਦਿਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਿੰਘਾਂ ਨਾਲ ਜਾ ਰਹੇ ਸਨ ਤੇ ਸਤਿਗੁਰੂ ਜੀ ਦਾ ਨੀਲਾ ਘੋੜਾ ਅਚਾਨਕ ਰੁਕ ਗਿਆ। ਗੁਰੂ ਸਾਹਿਬ ਜੀ ਨੇ ਭਾਈ ਦਇਆ ਸਿੰਘ ਜੀ ਨੂੰ ਹੁਕਮ ਕੀਤਾ ਕਿ ਜਾ ਕੇ ਦੇਖੋ ਕਿ ਸਾਡਾ ਨੀਲਾ ਕਿਉਂ ਰੁਕ ਗਿਆ ਹੈ ਤਾਂ ਜਦੋਂ ਭਾਈ ਦਇਆ ਸਿੰਘ ਜੀ ਨੇ ਘੋੜੇ ਤੋਂ ਉਤਰ ਕੇ ਅੱਗੇ ਦੇਖਿਆ ਤਾਂ ਨੱਕ 'ਤੇ ਰੁਮਾਲ ਰੱਖ ਲਿਆ ਤੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਅੱਗੇ ਤਾਂ ਤੰਬਾਕੂ ਦੇ ਖੇਤ ਹਨ। ਭਾਈ ਦਇਆ ਸਿੰਘ ਜੀ ਦੀ ਗੱਲ ਸੁਣ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿਣ ਲੱਗੇ ਕਿ ਗੁਰਸਿੱਖਾਂ ਦੀ ਸੰਗਤ ਵਿੱਚ ਰਹਿ ਕੇ ਸਾਡੇ ਘੋੜੇ ਨੂੰ ਵੀ ਗਿਆਨ ਹੋ ਗਿਆ ਹੈ ਕਿ ਤੰਬਾਕੂ ਜਾਂ ਪਾਨ ਸੁਪਾਰੀ ਦੇ ਖੇਤਾਂ ਵਿੱਚ

ਨਹੀਂ ਜਾਈਦਾ। ਜੇ ਕਿਤੇ ਸਾਡਾ ਨੀਲਾ ਇਨ੍ਹਾਂ ਖੇਤਾਂ ਵਿੱਚੋਂ ਲੰਘ ਜਾਂਦਾ ਤਾਂ ਇਸ ਦੀ ਕੀਤੀ ਹੋਈ ਸਾਰੀ ਸੇਵਾ ਨਿਹਫਲ ਹੋ ਜਾਣੀ ਸੀ।

ਇਤਿਹਾਸ ਵਿੱਚ ਇੱਕ ਹੋਰ ਜ਼ਿਕਰ ਆਉਂਦਾ ਹੈ ਕਿ ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ 1722 ਈਸਵੀ ਵਿੱਚ ਬਰਨਾਲੇ ਦੇ ਕੋਲ ਹੰਡਿਆਇਆ ਨਗਰ ਤੋਂ ਗੁਰੂਸਰ ਧੌਲੇ ਪਿੰਡ ਦੀ ਜੂਹ ਵਿੱਚ ਪਹੁੰਚੇ। ਗੁਰੂ ਸਾਹਿਬ ਦਾ ਘੋੜਾ ਅੱਗੇ ਨਾ ਜਾਵੇ ਤੇ ਸਾਧ ਸੰਗਤ ਜੀ ਨੇ ਪੁੱਛਿਆ, ਸਤਿਗੁਰੂ ਜੀ! ਘੋੜਾ ਅੜੀ ਕਿਉਂ ਕਰ ਰਿਹਾ ਹੈ। ਨੌਵੇਂ ਪਾਤਸ਼ਾਹ ਜੀ ਆਖਣ ਲੱਗੇ ਥੋੜ੍ਹੀ ਅੱਗੇ ਇੱਕ ਤੁਰਕ ਦੇ ਤੰਬਾਕੂ ਦੇ ਖੇਤ ਹਨ। ਇਸ ਕਰਕੇ ਸਾਡਾ ਘੋੜਾ ਅੱਗੇ ਨਹੀਂ ਜਾ ਰਿਹਾ। ਅੱਜ ਇਸ ਅਸਥਾਨ ਤੇ ਗੁਰਦੁਆਰਾ ਅੜੀਸਰ ਸਾਹਿਬ ਸੁਭਾਇਮਾਨ ਹੈ।

ਬਾਬਾ ਨੰਦ ਸਿੰਘ ਜੀ ਦੇ ਸਮੇਂ ਇੱਕ ਸਿੱਖ ਸੰਤਰਿਆਂ ਦਾ ਪ੍ਰਸ਼ਾਦਿ ਲੈ ਕੇ ਆਇਆ ਤੇ ਬਾਬਾ ਜੀ ਨੇ ਆਪਣੇ ਇੱਕ ਸੇਵਾਦਾਰ ਨੂੰ ਬੁਲਾ ਕੇ ਕਿਹਾ ਕਿ ਇਨ੍ਹਾਂ ਸੰਤਰਿਆਂ ਨੂੰ ਕਿਤੇ ਦੂਰ ਜਾ ਕੇ ਮਿੱਟੀ ਵਿੱਚ ਦੱਬ ਆਵੇ। ਉਹ ਸਿੱਖ ਬੜਾ ਹੈਰਾਨ ਹੋਇਆ ਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਮੈਂ ਪ੍ਰਸ਼ਾਦਿ ਲੈ ਕੇ ਆਇਆ ਹਾਂ ਤੇ ਤੁਸੀਂ ਇਹ ਸੰਤਰੇ ਮਿੱਟੀ ਵਿੱਚ ਕਿਉਂ ਦੱਬ ਰਹੇ ਹੋ? ਬਾਬਾ ਜੀ ਕਹਿਣ ਲੱਗੇ ਕਿ ਜਿੱਥੋਂ ਤੂੰ ਸੰਤਰੇ ਲਏ ਹਨ, ਇਨ੍ਹਾਂ ਸੰਤਰਿਆਂ ਨੂੰ ਵੇਚਣ ਵਾਲੇ ਨੇ ਜੋ ਦੂਰੋਂ ਸੋਟੀ ਲਾਈ ਹੈ ਕਿ ਕਿਹੜੇ ਸੰਤਰੇ ਲੈਣੇ ਹਨ, ਇਹ ਵਾਲੇ, ਇਹ ਵਾਲੇ ਕਿ ਇਹ ਵਾਲੇ, ਉਹ ਸੋਟੀ ਨਹੀਂ ਸੀ, ਉਹ ਤੰਬਾਕੂ ਪੀਣ ਵਾਲੇ ਹੁੱਕੇ ਦੀ ਨਾੜੀ ਸੀ। ਉਸ ਦੇ ਲੱਗਣ ਕਰਕੇ ਇਹ ਸੰਤਰੇ ਹੁਣ ਪ੍ਰਸ਼ਾਦਿ ਦੇ ਕਾਬਲ ਨਹੀਂ ਰਹੇ। ਬਾਬਾ ਜੀ ਨੇ ਸੁਮੱਤ ਦਿੱਤੀ ਕਿ ਪ੍ਰਸ਼ਾਦਿ ਲਈ ਸਮਾਨ, ਦੁਕਾਨ ਵੇਖ ਕੇ ਲਿਆ ਕਰੋ। ਇਸ ਕਰਕੇ ਇਹ ਸਾਖੀਆਂ ਸਾਨੂੰ ਸੋਝੀ ਦਿੰਦੀਆਂ ਹਨ ਕਿ ਪਾਨ, ਸੁਪਾਰੀ, ਤੰਬਾਕੂ ਦਾ ਸੇਵਨ ਸਿੱਖ ਧਰਮ ਵਿੱਚ ਬਿਲਕੁਲ ਹੀ ਵਰਜਿਤ ਹੈ।

❂❂❂

32. **ਸਵਾਲ: ਸਤਿਕਾਰਯੋਗ ਵੀਰ ਜੀ, ਸ੍ਰਿਸ਼ਟੀ ਦੇ ਕਰਤਾ ਵਾਹਿਗੁਰੂ ਜੀ ਆਪ ਹਨ, ਪਰ ਕੋਈ ਚੰਗਾ ਕੰਮ ਕਰਨ 'ਤੇ ਅਸੀਂ ਕਿਉਂ ਕਹਿਣ ਲੱਗ ਜਾਂਦੇ ਹਾਂ ਕਿ ਇਹ ਚੰਗਾ ਕੰਮ ਮੈਂ ਕੀਤਾ ਹੈ ਤੇ ਕੋਈ ਮਾੜਾ ਕੰਮ ਜਾਂ ਨੁਕਸਾਨ ਹੋ ਜਾਵੇ ਤੇ ਇਹ ਕਹਿਣ ਲੱਗ ਜਾਂਦੇ ਹਾਂ ਕਿ ਇਹ ਵਾਹਿਗੁਰੂ ਜੀ ਦਾ ਭਾਣਾ ਹੈ। ਅਜਿਹਾ ਕਿਉਂ?**

**ਜਵਾਬ:** ਇਹ ਸੱਚ ਹੈ ਕਿ ਸ੍ਰਿਸ਼ਟੀ ਦੇ ਕਰਤਾ ਵਾਹਿਗੁਰੂ ਜੀ ਆਪ ਹਨ ਪਰ ਜਦੋਂ ਕੋਈ ਚੰਗਾ ਕੰਮ ਕਰਨ 'ਤੇ ਇਹ ਕਹਿੰਦਾ ਹੈ ਕਿ ਇਹ ਕੰਮ ਮੈਂ ਕੀਤਾ ਹੈ ਤਾਂ ਫਿਰ ਪਰਚੇ ਪੈਣੇ ਸ਼ੁਰੂ ਹੋ ਜਾਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਹਉਮੈ ਕਰਨ ਵਾਲਾ ਵਾਹਿਗੁਰੂ ਦੇ ਘਰ ਦਾ ਸ਼ਰੀਕ ਬਣ ਜਾਂਦਾ ਹੈ।

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*(ਅੰਗ ੨੭੮)*

ਦਾਸ ਆਗਰੇ ਇੱਕ ਪ੍ਰੋਗਰਾਮ ਵਾਸਤੇ ਗਿਆ। ਸਾਰਾ ਦੀਵਾਨ ਖੁੱਲ੍ਹੇ ਪੰਡਾਲਾਂ ਵਿੱਚ ਸੀ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤਾਂ ਨੇ ਉੱਥੇ ਹੀ ਲੰਗਰ ਵਾਸਤੇ ਪੰਗਤਾਂ ਲਗਾ ਲਈਆਂ। ਅਸੀਂ ਪੰਡਾਲ ਵਿੱਚੋਂ ਵਾਪਸ ਆ ਰਹੇ ਸੀ ਅਤੇ ਪ੍ਰਬੰਧਕ ਵੀ ਸਾਡੇ ਨਾਲ ਸਨ। ਉਨ੍ਹਾਂ ਪ੍ਰਬੰਧਕਾਂ ਵਿੱਚੋਂ ਇੱਕ ਪ੍ਰਬੰਧਕ ਦਾਸ ਦਾ ਮੋਢਾ ਫੜ ਕੇ ਕਹਿਣ ਲੱਗਾ, ਭਾਈ ਸਾਹਿਬ ਜੀ, ਦੇਖਿਆ ਜੇ ਇਕੱਠ, ਮੰਨਦੇ ਹੋ? ਦਾਸ ਸਮਝ ਗਿਆ ਕਿ ਇਸ ਸਰੀਰ ਨੂੰ ਹਾਲੇ ਤੱਕ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਨਹੀਂ ਹੋਈ, ਜਿਸ ਕਰਕੇ ਹਉਮੈ ਛਾਲਾਂ ਮਾਰ ਰਹੀ ਹੈ। ਦਾਸ ਨੇ ਕਿਹਾ

ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਹੈ। ਉਹ ਪ੍ਰਬੰਧਕ ਦੁਬਾਰਾ ਕਹਿਣ ਲੱਗਾ ਕਿ ਆਪਣੀ ਛੱਡੋ, ਮੇਰੀ ਸੁਣੋ। ਇਹੋ ਜਿਹਾ ਇਕੱਠ ਆਗਰੇ ਅੱਜ ਤੱਕ ਨਹੀਂ ਹੋਇਆ। ਦਾਸ ਨੇ ਫਿਰ ਕਿਹਾ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਹੈ। ਉਹ ਫਿਰ ਕਹਿਣ ਲੱਗਾ, ਆਪਣੀ ਛੱਡੋ। ਮੈਂ ਜੋੜੇ ਘਰ ਪੁੱਛਕੇ ਆਇਆ ਹਾਂ। 8000 ਨੰਬਰ ਲੱਗ ਗਿਆ ਹੈ ਤੇ ਇੱਕ ਨੰਬਰ 'ਤੇ ਤਿੰਨ ਸਰੀਰਾਂ ਦੇ ਜੋੜੇ ਵੀ ਹੋਣ ਤਾਂ 24000 ਦਾ ਇਕੱਠ ਹੋ ਗਿਆ। ਕਹਿਣ ਲੱਗਾ ਮੰਨਦੇ ਹੋ ਮੈਨੂੰ। ਦਾਸ ਹਉਮੈ ਦੇਖ ਕੇ ਹੈਰਾਨ ਹੋ ਗਿਆ ਕਿ ਜੋੜੇ ਘਰ ਤੋਂ ਨੰਬਰ ਪੁੱਛ ਕੇ ਆਇਆ ਹੈ ਕਿੰਨੇ ਨੰਬਰ ਲੱਗੇ ਹਨ। ਅਖੀਰ ਦਾਸ ਨੂੰ ਕਹਿਣਾ ਹੀ ਪਿਆ, ਪ੍ਰਬੰਧਕ ਸਾਹਿਬ, ਮੰਨਦੇ ਹਾਂ ਤੁਹਾਨੂੰ। ਜਦੋਂ ਅਗਲੇ ਦਿਨ ਦੀਵਾਨ ਲੱਗਾ ਤਾਂ ਮੀਂਹ ਕਹੇ ਕਿ ਮੈਂ ਅੱਜ ਹੀ ਪੈਣਾ ਹੈ। ਬਹੁਤ ਮੀਂਹ ਪਿਆ। ਪੰਡਾਲ ਦਾ ਕੁਝ ਹਿੱਸਾ ਵਾਟਰ-ਪਰੂਫ ਸੀ ਤੇ ਬਾਕੀ ਸਾਰਾ ਸਾਧਾਰਨ ਸੀ। ਜਦੋਂ ਦਾਸ ਕੀਰਤਨ ਦੀ ਹਾਜ਼ਰੀ ਭਰਨ ਵਾਸਤੇ ਪੰਡਾਲ ਵਿੱਚ ਪਹੁੰਚਿਆ ਤਾਂ ਸੰਗਤ ਪਿਛਲੇ ਦਿਨ ਨਾਲੋਂ ਸਿਰਫ 15% ਸੀ। ਸਮਾਪਤੀ ਤੇ ਦਾਸ ਨੇ ਉਸ ਪ੍ਰਬੰਧਕ ਨੂੰ ਕਿਹਾ ਕਿ ਅੱਜ ਸੰਗਤ ਬੜੀ ਘੱਟ ਹੈ। ਉਹ ਸਰੀਰ ਕਹਿਣ ਲੱਗਾ, ਗੁਰੂ ਦਾ ਭਾਣਾ। ਦਾਸ ਨੇ ਕਿਹਾ ਕਿ ਜੇ ਤਾਂ ਇਕੱਠ ਜ਼ਿਆਦਾ ਹੋ ਗਿਆ ਤਾਂ ਇਹ ਮੈਂ ਕੀਤਾ ਹੈ ਤੇ ਜੇ ਸੰਗਤ ਘੱਟ ਗਈ ਤਾਂ ਗੁਰੂ ਦਾ ਭਾਣਾ। ਇਸ ਕਰਕੇ ਜਦੋਂ ਅਸੀਂ ਹਉਮੈ ਕਰ ਬੈਠਦੇ ਹਾਂ ਤਾਂ ਫਿਰ ਵਾਹਿਗੁਰੂ ਜੀ ਵੱਲੋਂ ਵੀ ਪਰਚੇ ਪੈਣੇ ਸ਼ੁਰੂ ਹੋ ਜਾਂਦੇ ਹਨ।

***ਕੋਟਿ ਕਰਮ ਕਰੈ ਹਉ ਧਾਰੇ ॥***
***ਸ੍ਰਮੁ ਪਾਵੈ ਸਗਲੇ ਬਿਰਥਾਰੇ ॥***

*(ਅੰਗ ੨੭੮)*

ਮਹਾਂਪੁਰਸ਼ ਸੇਧ ਦਿੰਦੇ ਸਨ ਕਿ ਜੇ ਸੰਗਤ ਵੱਧ ਗਈ ਤਾਂ ਇੱਕ ਪਾਠ ਜਪੁ ਜੀ ਸਾਹਿਬ ਜੀ ਦੀ ਹਾਜ਼ਰੀ ਲਗਾ ਕੇ ਸ਼ੁਕਰਾਨਾ ਕਰੀਏ। ਇਸ ਤਰ੍ਹਾਂ ਇਹ ਕੀਤੇ ਕਾਰਜ ਦਰਗਾਹ ਵਿੱਚ ਜਮ੍ਹਾਂ ਹੋ ਜਾਂਦੇ ਹਨ ਤੇ ਜੇ ਅਜਿਹਾ ਨਾ ਕੀਤਾ ਜਾਵੇ ਤਾਂ ਫਿਰ ਹਉਮੈ ਕਰਕੇ ਪਰਚੇ ਪੈਣ ਲੱਗ ਜਾਂਦੇ ਹਨ। ਦਾਸ ਸ਼ੁਕਰ ਕਰਦਾ ਹੈ ਕਿ ਬਾਬਾ ਨੰਦ ਸਿੰਘ ਜੀ ਦੇ ਘਰ ਦੀ ਸੰਗਤ ਪ੍ਰਾਪਤ ਹੋਈ ਹੈ। ਜੇ ਉਨ੍ਹਾਂ ਦੀ ਸੰਗਤ ਨਾ ਮਿਲਦੀ ਤਾਂ ਅਸੀਂ ਰੁਲ ਜਾਣਾ ਸੀ ਕਿਉਂਕਿ ਇਹੋ ਜਿਹੀਆਂ ਬਰੀਕੀਆਂ ਉਹ ਹੀ ਦੱਸ ਸਕਦਾ ਹੈ ਜਿਹੜਾ ਇਨ੍ਹਾਂ ਪੌੜੀਆਂ 'ਤੇ ਚੜ੍ਹਿਆ ਹੋਵੇ।

❂❂❂

**33. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿਤਨੀਆਂ ਵੀ ਜੰਗਾਂ ਲੜੀਆਂ। ਇਨ੍ਹਾਂ ਜੰਗਾਂ ਦਾ ਕੀ ਮਨੋਰਥ ਸੀ?**

**ਜਵਾਬ:** ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਿਰਵੈਰਤਾ ਦੀ ਮੂਰਤ ਹੋਏ ਹਨ।

***ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।***

*(ਵਾਰ ੨੬, ਪਉੜੀ ੧੯)*

ਸਤਿਗੁਰੂ ਜੀ ਨੇ ਜਿੰਨੀਆਂ ਵੀ ਜੰਗਾਂ ਲੜੀਆਂ, ਉਨ੍ਹਾਂ ਦੀ ਸ਼ੁਰੂਆਤ ਆਪ ਨਹੀਂ ਕੀਤੀ, ਸਗੋਂ ਦੂਜੇ ਵੱਲੋਂ ਕੋਈ ਵਾਰ ਆਇਆ ਹੈ ਤੇ ਉਸ ਨੂੰ ਰੋਕਿਆ ਹੈ। ਇੰਨੀ ਨਿਰਵੈਰਤਾ ਕਿ ਜਿੰਨੀਆਂ ਵੀ ਜੰਗਾਂ ਲੜੀਆਂ, ਕਿਸੇ ਮਸੀਤ, ਕਿਸੇ ਗਿਰਜਾ ਘਰ, ਕਿਸੇ ਮੰਦਰ ਦੀ ਬੇਅਦਬੀ ਨਹੀਂ ਹੋਣ ਦਿੱਤੀ, ਕਿਉਂਕਿ ਸਤਿਗੁਰੂ ਜੀ ਦਾ ਕਿਸੇ ਧਰਮ ਨਾਲ ਵੈਰ ਨਹੀਂ। ਜਿਸ ਦਿਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਮਝ ਲਵਾਂਗੇ, ਪਛਾਣ ਲਵਾਂਗੇ, ਹਰ ਜਨਮ ਕਹਾਂਗੇ ਕਿ ਤੇਰੀ ਸਿੱਖੀ ਦੇ ਘਰ ਜਨਮ ਮਿਲੇ। ਇਹੀ ਮੰਗਾਂਗੇ ਕਿ ਜੇ ਅਗਲਾ ਜਨਮ ਦੇਣਾ ਹੈ ਤਾਂ ਉਸ ਮਾਂ ਦੇ ਘਰ ਦੇਈਂ ਜਿਹੜੀ ਮੈਨੂੰ ਬਚਪਨ ਤੋਂ ਹੀ ਜਪੁ ਜੀ ਸਾਹਿਬ ਜੀ ਨਾਲ ਜੋੜ ਦੇਵੇ।

ਹੋਵੇ ਜੰਗ ਦਾ ਮੈਦਾਨ ਜਿਸ ਵਿੱਚ ਜੋ ਕੁਝ ਹੋ ਜਾਵੇ, ਉਹ ਜਾਇਜ਼ ਹੈ, ਪਰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜੀਵਨ ਪੜ੍ਹੋ, ਸਤਿਗੁਰੂ ਜੀ ਨੇ ਜੰਗ ਦੇ ਮੈਦਾਨ ਵਿੱਚ ਵੀ ਸੱਤ ਅਸੂਲ ਰੱਖੇ ਹੋਏ ਸਨ। ਇੰਨੀ ਪੱਕੀ ਮਰਿਆਦਾ ਕਿ ਔਰਤ 'ਤੇ ਵਾਰ ਨਹੀਂ, ਬਜ਼ੁਰਗ 'ਤੇ ਵਾਰ ਨਹੀਂ, ਬੱਚੇ 'ਤੇ ਵਾਰ ਨਹੀਂ, ਸੁੱਤੇ 'ਤੇ ਵਾਰ ਨਹੀਂ, ਪਿੱਠ ਵਾਲੇ ਬੰਨੇ ਵਾਰ ਨਹੀਂ, ਸ਼ਰਨ ਆਏ 'ਤੇ ਵਾਰ ਨਹੀਂ, ਨਿਹੱਥੇ 'ਤੇ ਵਾਰ ਨਹੀਂ। ਇੱਕ ਗੱਲ ਹੋਰ ਧਿਆਨ ਦੇਣਾ। ਇਹ ਜੰਗਾਂ ਨਾ ਪੈਸੇ ਕਰਕੇ ਲੜੀਆਂ, ਨਾ ਔਰਤ ਕਰਕੇ, ਨਾ ਜ਼ਮੀਨ ਕਰਕੇ, ਸਗੋਂ ਸਾਰੀਆਂ ਜੰਗਾਂ ਜ਼ੁਲਮ ਨੂੰ ਰੋਕਣ ਕਰਕੇ ਹੋਈਆਂ ਤੇ ਹਰ ਜੰਗ ਵਿੱਚ ਜਿੱਤ ਪ੍ਰਾਪਤ ਕੀਤੀ। ਹੱਦ ਤਾਂ ਇਸ ਗੱਲ ਦੀ ਹੈ ਕਿ ਜੰਗ ਦੇ ਸਮੇਂ ਵੀ ਸਤਿਗੁਰੂ ਜੀ ਨੇ ਕਿਸੇ ਦੁਸ਼ਮਣ ਦੀ ਔਰਤ ਦੀ ਵੀ ਪੱਤ ਰੁਲਣ ਨਹੀਂ ਦਿੱਤੀ ਸਗੋਂ ਔਰਤ ਦਾ ਮਾਣ ਕਰਨਾ ਸਿਖਾਇਆ।

ਨਿਤਨੇਮ ਵਿੱਚ ਵੀ ਸਤਿਗੁਰੂ ਜੀ ਇੰਨੇ ਪੱਕੇ ਸਨ ਕਿ ਜੰਗ ਦੇ ਦੌਰਾਨ ਵੀ ਅੰਮ੍ਰਿਤ ਵੇਲਾ ਖੁੰਝਣ ਨਹੀਂ ਦਿੱਤਾ। 250 ਸਿੰਘ ਸ਼ਹੀਦ ਕਰਵਾ ਲਏ ਪਰ ਅੰਮ੍ਰਿਤ ਵੇਲਾ ਨਹੀਂ ਖੁੰਝਾਇਆ। ਹੋਰ ਤਾਂ ਹੋਰ, ਭਾਈ ਘਨੱਈਆ ਜੀ ਦੀਆਂ ਸਾਖੀਆਂ ਵਿੱਚ ਅਸੀਂ ਆਮ ਪੜ੍ਹਦੇ ਹਾਂ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰੂ ਜੀ ਇੰਨੀ ਨਿਰਵੈਰਤਾ ਦੀ ਮੂਰਤ ਸਨ ਕਿ ਭਾਈ ਸਾਹਿਬ ਵੱਲੋਂ ਦੁਸ਼ਮਣਾਂ ਨੂੰ ਪਾਣੀ ਪਿਲਾਉਣ 'ਤੇ ਨਾ ਕੇਵਲ ਉਨ੍ਹਾਂ ਨੂੰ ਅਸੀਸਾਂ ਦਿੱਤੀਆਂ ਬਲਕਿ ਮਲ੍ਹਮ ਪੱਟੀ ਵੀ ਹੱਥ ਫੜਾਉਂਦਿਆਂ ਕਿਹਾ ਕਿ ਇਹ ਵੀ ਜ਼ਖਮੀਆਂ 'ਤੇ ਲਗਾ ਦਿਆ ਕਰੋ। ਇਸ ਤੋਂ ਇਲਾਵਾ ਜਿਸ ਨੂੰ ਵੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੀਰ ਮਾਰਦੇ ਸਨ, ਉਸ ਤੀਰ 'ਤੇ ਸਵਾ ਤੋਲਾ ਸੋਨਾ ਲੱਗਿਆ ਹੁੰਦਾ ਸੀ ਤਾਂ ਕਿ ਅਗਰ ਉਹ ਮਰ ਜਾਏ ਤਾਂ ਉਸ ਦਾ ਕਿਰਿਆ ਕਰਮ ਹੋ ਸਕੇ ਤੇ ਜੇ ਜ਼ਖਮੀ ਹੋ ਜਾਏ ਤਾਂ ਉਸ ਦਾ ਇਲਾਜ ਹੋ ਸਕੇ।

ਸਤਿਗੁਰੂ ਜੀ ਦਾ ਬਚਨ ਸੀ ਕਿ ਜਿਸ ਨੂੰ ਤੀਰ ਮਾਰ ਰਹੇ ਹਾਂ, ਉਸ ਨਾਲ ਕੋਈ ਵੈਰ ਨਹੀਂ, ਇਹ ਜ਼ੁਲਮੀ ਵੱਲੋਂ ਆਇਆ ਹੈ, ਇਸ ਕਰਕੇ ਤੀਰ ਮਾਰ ਰਹੇ ਹਾਂ। ਸਤਿਗੁਰੂ ਦੀਆਂ ਜੰਗਾਂ ਜ਼ੁਲਮ ਨੂੰ ਰੋਕਣ ਲਈ ਹੋਈਆਂ ਹਨ, ਜ਼ੁਲਮ ਕਰਨ ਲਈ ਨਹੀਂ। ਸਤਿਗੁਰੂ ਜੀ ਦੀਆਂ ਜੰਗਾਂ ਵਿੱਚ ਵੀ ਜਗਤ ਦਾ ਭਲਾ ਲੁਕਿਆ ਹੋਇਆ ਸੀ।

***ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥***

*(ਅੰਗ ੩੦੨)*

---

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਨੂੰ ਗੁਰਮਤਿ ਅਨੁਸਾਰ ਹੋਲੀ ਖੇਡਣ ਦੀ ਜਾਚ ਸਿਖਾਉਂਦੇ ਹਨ।

ਸਤਿਗੁਰੂ ਜੀ ਆਖਦੇ ਹਨ, ਹੋਲੀ ਇਵੇਂ ਖੇਡ ਸੰਗਤਾਂ ਦੇ ਜੋੜਿਆਂ ਨੂੰ ਝਾੜ, ਸੰਗਤ ਦੀ ਚਰਨ ਧੂੜੀ ਆਪਣੇ ਮਸਤਕ ਤੇ ਲਗਾ। ਇਹੋ ਜਿਹੀ ਹੋਲੀ ਤੇਰੇ ਕਰਮ ਬਦਲਾ ਦੇਵੇਗੀ।

***ਹੋਲੀ ਕੀਨੀ ਸੰਤ ਸੇਵ ॥***
***ਰੰਗੁ ਲਾਗਾ ਅਤਿ ਲਾਲ ਦੇਵ ॥੨॥***

*(ਅੰਗ ੧੧੮੦)*

1699 ਦੀ ਵਿਸਾਖੀ ਨੂੰ ਦਸਵੇਂ ਪਾਤਸ਼ਾਹ ਜੀ ਨੇ ਅੰਮ੍ਰਿਤ ਦੀ ਦਾਤ ਖਾਲਸੇ ਦੀ ਝੋਲੀ ਪਾਈ ਅਤੇ ਪੰਜ ਕਕਾਰ ਬਖਸ਼ਿਸ਼ ਕੀਤੇ।

ਗੁਰਬਾਣੀ ਵਿੱਚ ਫ਼ਰਮਾਨ ਹੈ ਕਿ ਬਾਣੀ ਰਾਹੀਂ ਤਿਆਰ ਕੀਤਾ ਹੋਇਆ ਇਹ ਅੰਮ੍ਰਿਤ ਭਿੰਨਾ ਸੁਆਦਲਾ ਭੋਜਨ ਛਕਣ ਨਾਲ ਸਭ ਪਿਆਸ ਖਤਮ ਹੋ ਜਾਵੇਗੀ ਤੇ ਸੁਖ ਦੀ ਪ੍ਰਾਪਤੀ ਹੋਵੇਗੀ।

***ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥***
***ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥***

*(ਅੰਗ ੩੧੮)*



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ 154 ਅੰਕ ਦੇਖੋ ਜੀ :-*

ਰੱਬੀ ਹੁਕਮ ਵਿੱਚ ਚੱਲ ਰਹੀ ਕੁਦਰਤ ਨੇ ਆਪਣੀ ਮਰਿਆਦਾ ਅਨੁਸਾਰ ਸਰਦੀ ਦੀ ਰੁੱਤ ਨੂੰ ਹਰ ਸਾਲ ਵਾਂਗ ਉੱਤਰੀ ਭਾਰਤ ਵਿੱਚ ਪਸਰਨ ਲਾ ਦਿੱਤਾ। ਬਾਬਾ ਜੀ ਨੂੰ ਸ਼ਿਮਲੇ ਆਇਆਂ ਦੋ ਮਹੀਨੇ ਹੋ ਗਏ ਸਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵੀ ਨੇੜੇ ਆ ਰਿਹਾ ਸੀ। ਬਾਬਾ ਜੀ ਜੱਥੇ ਸਮੇਤ ਕਰਮਸਰ ਰਾੜਾ ਸਾਹਿਬ ਆ ਗਏ।

ਭਾਵੇਂ ਕਿ ਕੁਝ ਵਿਦਵਾਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵਿਸਾਖ ਦਾ ਮੰਨਦੇ ਨੇ, ਪਰ ਸੰਤ-ਮਹਾਂਪੁਰਖ ਕੱਤਕ ਸੁਦੀ ਪੂਰਨਮਾਸ਼ੀ ਦਾ ਹੀ ਮੰਨਦੇ ਅਤੇ ਪ੍ਰੇਮ ਨਾਲ ਮਨਾਉਂਦੇ ਆਏ ਹਨ। ਕਦੇ ਕਦੇ ਕੱਤਕ ਸੁਦੀ ਪੂਰਨਮਾਸ਼ੀ ਮੱਘਰ ਵਿੱਚ ਵੀ ਆ ਜਾਂਦੀ ਹੈ, ਜਿਸ ਕਾਰਨ ਕਿਸੇ ਕਿਸੇ ਪ੍ਰੇਮੀ ਨੂੰ ਸ਼ੰਕਾ ਵੀ ਹੋ ਜਾਂਦਾ ਹੈ ਕਿ ਗੁਰਪੁਰਬ ਮੱਘਰ ਦੀ ਪੂਰਨਮਾਸ਼ੀ ਨੂੰ ਕਿਵੇਂ ਆ ਗਿਆ। ਸੁਦੀ ਦਾ ਭਾਵ ਹੁੰਦਾ ਹੈ ਮੱਸਿਆ ਤੋਂ ਅਗਲੇ ਦਿਨ ਤੋਂ ਚੰਦ ਦਾ ਵਧਦੇ ਜਾਣ ਵਾਲਾ ਪੱਖ। ਕੱਤਕ ਵਦੀ ਮੱਸਿਆ ਤੋਂ ਬਾਅਦ ਜੋ ਪੂਰਨਮਾਸ਼ੀ ਆਉਣੀ ਹੁੰਦੀ ਹੈ ਉਹ ਕੱਤਕ ਸੁਦੀ ਪੂਰਨਮਾਸ਼ੀ ਹੁੰਦੀ ਹੈ ਜੋ ਕਦੇ ਕਦੇ ਮੱਘਰ ਮਹੀਨੇ ਵਿੱਚ ਆ ਜਾਂਦੀ ਹੈ। ਵਦੀ ਸੁਦੀ ਕੋਈ ਵਹਿਮ ਭਰਮ ਨਹੀਂ ਹਨ, ਦਿਨਾਂ ਦੀ ਗਿਣਤੀ ਮਿਣਤੀ ਦੇ ਦੇਸੀ ਤਰੀਕੇ ਹਨ। ਅੰਗਰੇਜ਼ੀ ਕਲੰਡਰ ਧਰਤੀ ਦੇ ਸੂਰਜ ਦੁਆਲੇ ਪਰਕਰਮਾ ਤੇ ਆਧਾਰਿਤ ਹੈ। ਦੇਸੀ ਕਲੰਡਰ ਸੂਰਜ ਦੇ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਜਾਣ ਅਤੇ ਚੰਦ ਦੇ ਵੱਧਣ ਘੱਟਣ ਤੇ ਆਧਾਰਿਤ ਹਨ। ਸੂਰਜ ਜਦ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਜਾਵੇ, ਉਸ ਦਿਨ ਸੰਗਰਾਂਦ ਹੁੰਦੀ ਹੈ। ਧਰਤੀ ਦੇ ਦੁਆਲੇ ਅਕਾਸ਼ ਨੂੰ ਬਾਰ੍ਹਾਂ ਹਿੱਸਿਆ ਵਿੱਚ ਵੰਡਿਆ ਗਿਆ ਹੈ ਜੋ ਬਾਰ੍ਹਾਂ ਰਾਸ਼ੀਆਂ ਹਨ। ਸੰਗਰਾਂਦ ਵਾਲੇ ਦਿਨ ਸੂਰਜ ਅਗਲੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ, ਇਸ ਤਰ੍ਹਾਂ ਸਾਲ ਦੇ ਬਾਰ੍ਹਾਂ ਮਹੀਨੇ ਹੁੰਦੇ ਹਨ। ਵਦੀ-ਸੁਦੀ ਨਾਲ ਚੰਦ ਦੇ ਘੱਟਣ-ਵੱਧਣ ਅਤੇ ਮੱਸਿਆ-ਪੁੰਨਿਆ ਦਾ ਪਤਾ ਲੱਗਦਾ ਹੈ। ਕਈ ਲੋਕ ਇਨ੍ਹਾਂ ਨਾਲ ਵਹਿਮ ਭਰਮ ਜੋੜਦੇ ਹਨ, ਪਰ ਇਹ ਨਿਰੋਲ ਸਮੇਂ ਅਤੇ ਮਹੀਨਿਆਂ ਦੀ ਵੰਡ ਹੈ। ਸੰਤ ਮਹਾਂਪੁਰਖ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਸੁਦੀ ਪੂਰਨਮਾਸ਼ੀ ਦਾ ਹੀ ਮੰਨਦੇ ਹਨ।

ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਗੁਰੂ ਸਾਹਿਬ ਦੇ ਪਿਆਰ ਵਿੱਚ ਹਰ ਮਹੀਨੇ ਪੂਰਨਮਾਸ਼ੀ ਨੂੰ ਕਥਾ-ਕੀਰਤਨ ਦਾ ਪ੍ਰਵਾਹ ਚਲਾਉਂਦੇ। ਅਨੁਭਵੀ ਜਨ ਵਾਦ-ਵਿਵਾਦ ਦੀ ਜਗ੍ਹਾ ਸਦਾ ਹੀ ਗੁਰੂ ਪਿਆਰ ਨੂੰ ਤਰਜੀਹ ਦਿੰਦੇ ਹਨ।

ਗੁਰਪੁਰਬ ਵਾਲੇ ਦਿਨ ਅਖੰਡ ਪਾਠ ਦੇ ਭੋਗ ਪਾਏ ਗਏ। ਮਹਾਂਪੁਰਖਾਂ ਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਆਪ ਜੀ ਨੇ ਧਾਰਨਾ ਪੜ੍ਹੀ।

***"ਆਇਆ ਗੁਰੂ ਨਾਨਕ ਜਗ ਤਾਰਨੇ ਨੂੰ"***

ਸੰਗਤ ਜੋਟੀਆਂ ਵਿੱਚ ਧਾਰਨਾ ਪੜ੍ਹ ਰਹੀ ਸੀ। ਬਾਬਾ ਜੀ ਅਰੰਭ ਵਿੱਚ ਬਚਨ ਕਰਦੇ ਕਿ ਪਹਿਲੇ ਹਿੱਸੇ ਵਿੱਚ ਦਾਸ ਬੋਲੇਗਾ, ਦੂਸਰੇ ਹਿੱਸੇ ਵਿੱਚ ਸਾਰੇ ਭਾਈ ਅਤੇ ਤੀਸਰੇ ਹਿੱਸੇ ਵਿੱਚ ਸਾਰੀਆਂ ਬੀਬੀਆਂ ਧਾਰਨਾ ਵਿੱਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰੋ। ਇੱਕ ਐਸਾ ਰਸ ਵਰਤ ਜਾਂਦਾ ਕਿ ਮਹਾਂਪੁਰਖਾਂ ਦੇ ਬਚਨ ਹਿਰਦੇ ਵਿੱਚ ਉਤਰਦੇ ਜਾਂਦੇ।

ਬਾਬਾ ਜੀ ਨੇ ਬਚਨ ਕਰਦਿਆਂ ਧਰਤੀ ਦੀ ਪੁਕਾਰ ਸੁਣ ਕੇ ਪਰਮੇਸ਼ਰ ਦੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਪ੍ਰਕਾਸ਼ ਧਾਰਨ ਕਰਨ ਸੰਸਾਰ ਨੂੰ ਅਦਵੈਤ ਸਿਧਾਂਤ ਦ੍ਰਿੜ੍ਹ ਕਰਾਉਂਦਿਆਂ ਸ਼ਬਦ ਸੁਰਤਿ ਦਾ ਮਾਰਗ ਦਰਸਾਉਣ ਦੀ ਵਿਚਾਰ ਕੀਤੀ। ਮੁੱਖ ਰੂਪ ਵਿੱਚ ਅਧਿਆਤਮਕ ਵਿੱਚ ਦੋ ਸਿਧਾਂਤ ਹਨ- ਅਦਵੈਤ ਸਿਧਾਂਤ ਅਤੇ ਦਵੈਤ ਸਿਧਾਂਤ। ਇਨ੍ਹਾਂ ਦੇ ਅੱਗੇ ਵੀ ਭੇਦ ਹਨ। ਦਵੈਤ ਸਿਧਾਂਤ ਵਿੱਚ ਤਿੰਨ ਤੱਤ ਮੰਨੇ ਜਾਂਦੇ ਹਨ- ਈਸ਼ਰ, ਮਾਇਆ ਤੇ ਜੀਵ। ਇਸ ਸਿਧਾਂਤ ਵਿੱਚ ਇਹ ਤਿੰਨੇ ਹੀ ਤੱਤ ਸਦੀਵੀ ਮੰਨੇ ਜਾਂਦੇ ਹਨ। ਅਦਵੈਤ ਸਿਧਾਂਤ ਵਿੱਚ ਪਰਮੇਸ਼ਰ ਨੂੰ ਹੀ ਸਦੀਵੀ ਮੰਨਿਆ ਜਾਂਦਾ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੴ ਉਚਾਰਨ ਕੀਤਾ ਜੋ ਸ਼ੁੱਧ ਅਦਵੈਤ ਸਿਧਾਂਤ ਨੂੰ ਦਰਸਾਉਂਦਾ ਹੈ। ਇਸ ਦਾ ਭਾਵ ਹੈ ਕਿ ਇੱਥੇ ਪਰਮੇਸ਼ਰ ਹੀ ਹੈ ਜੋ ਤਿੰਨਾਂ ਗੁਣਾਂ ਵਿੱਚ ਪਸਾਰਾ ਕਰਕੇ ਖੇਡ ਕਰ ਰਿਹਾ ਹੈ।

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ***
***ਗੋਬਿੰਦ ਬਿਨੁ ਨਹੀਂ ਕੋਈ॥***

*(ਅੰਗ ੪੮੫)*

ਗੁਰਮਤਿ ਵਿੱਚ ਮਾਇਆ ਅਨਾਦੀ ਜਾਂ ਅਨ ਹਲ ਬਚਨੀ ਨਹੀਂ ਹੈ। ਕਿਸੇ ਸਿਧਾਂਤ ਵਿੱਚ ਮਾਇਆ ਨੂੰ ਅਨਾਦੀ ਅਤੇ ਸਦੀਵੀ ਕਿਹਾ ਗਿਆ ਹੈ, ਕਿਸੇ ਸਿਧਾਂਤ ਵਿੱਚ ਅਨ ਹਲ ਬਚਨੀ ਭਾਵ ਐਸੀ ਵਸਤੂ ਜਿਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਕਹਿ ਕੇ ਗੱਲ ਟਾਲ ਦਿੱਤੀ ਗਈ। ਗੁਰਮਤਿ ਅਨੁਸਾਰ ਮਾਇਆ ਪਰਮੇਸ਼ਰ ਨੇ ਬਣਾਈ ਅਤੇ ਆਪ ਮੁਹਾਰੀ ਨਹੀਂ, ਆਗਿਆ ਵਿੱਚ ਚੱਲਣ ਵਾਲੀ ਬਣਾਈ-

***ਆਵਨ ਜਾਨੁ ਇਕੁ ਖੇਲੁ ਬਨਾਇਆ॥***
***ਆਗਿਆਕਾਰੀ ਕੀਨੀ ਮਾਇਆ॥***

*(ਅੰਗ ੨੯੩)*

ਪਰਮੇਸ਼ਰ ਨੇ ਆਪਣੇ ਆਪ ਨੂੰ ਆਪ ਸਾਜਿਆ। ਫਿਰ ਕੁਦਰਤ ਜਾਂ ਮਾਇਆ ਤੱਤ ਬਣਾਇਆ-

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥***

*(ਅੰਗ ੪੬੩)*

ਇਹ ਤਤੁ ਆਗਿਆ ਵਿੱਚ ਹੈ, ਮਰਿਆਦਾ ਵਿੱਚ ਹੈ। ਜਦ ਪਰਮੇਸ਼ਰ ਦੀ ਮੌਜ ਹੋਵੇ, ਇਸ ਤਤੁ ਨੂੰ ਲੀਨ ਕਰ ਲੈਂਦਾ ਹੈ-

***ਆਪਨ ਖੇਲੁ ਆਪਿ ਕਰਿ ਦੇਖੈ॥***
***ਖੇਲੁ ਸੰਕੋਚੈ ਤਉ ਨਾਨਕ ਏਕੈ॥੭॥***

*(ਅੰਗ ੨੯੨)*

ਜੀਵ ਤੱਤ ਮਾਇਆ ਦੇ ਪ੍ਰਭਾਵ ਵਿੱਚ ਆਪਣੀ ਅਣਹੋਈ ਹੋਂਦ ਨੂੰ ਮੰਨ ਬੈਠਦਾ ਹੈ ਅਤੇ ਦੁਖ ਭੋਗਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਸੁਰਤਿ ਦਾ ਮਾਰਗ ਦਰਸਾਇਆ ਜਿਸ ਰਾਹੀਂ ਜੀਵ ਆਪਣੇ ਅਮਲ ਸਰੂਪ ਨੂੰ ਪਛਾਣ ਕੇ ਪਰਮੇਸ਼ਰ ਵਿੱਚ ਲੀਨ ਹੋ ਸਕਦਾ ਹੈ। ਬਾਬਾ ਜੀ ਨੇ ਸੰਗਤ ਨੂੰ ਗੁਰੂ ਵਾਲੇ ਬਣ ਕੇ ਸ਼ਬਦ ਸੁਰਤਿ ਮਾਰਗ ਤੇ ਚੱਲਣ ਦੀ ਪ੍ਰੇਰਨਾ ਕੀਤੀ।

ਬਾਬਾ ਜੀ ਦੀ ਪ੍ਰੇਰਨਾ ਸਦਕਾ ਅਸਥਾਨ ਤੇ ਰਹਿ ਰਹੇ ਬਿਹੰਗਮ ਤਾਂ ਸ਼ਬਦ ਸੁਰਤਿ ਅਭਿਆਸ ਦੀ ਅਣਥੱਕ ਘਾਲਣਾ ਘਾਲਦੇ ਹੀ ਸਨ, ਪਿੰਡਾਂ-ਸ਼ਹਿਰਾਂ ਤੋਂ ਆਉਣ ਵਾਲੀ ਸੰਗਤ ਵਿੱਚ ਵੀ ਨਾਮ ਅਭਿਆਸੀ ਅਤੇ ਨਾਮ ਦੇ ਰਸੀਏ ਗੁਰਮੁਖ ਜਨ ਸਨ।

ਸੰਗਤ ਵਿੱਚ ਜਿੱਥੇ ਨਿਰੋਲ ਪਰਮਾਰਥ ਦੇ ਜਗਿਆਸੂ ਸਨ ਉੱਥੇ ਅਜਿਹੇ ਪ੍ਰੇਮੀ ਵੀ ਸਨ ਜੋ ਕਿਸੇ ਔਕੜ ਜਾਂ ਦੁੱਖ ਦੇ ਆ ਜਾਣ ਤੇ ਬੇਨਤੀ ਵੀ ਕਰ ਦਿੰਦੇ ਸਨ। ਬਾਬਾ ਜੀ ਉਨ੍ਹਾਂ ਨੂੰ ਗੁਰਬਾਣੀ ਦਾ ਆਸਰਾ ਲੈਣ ਦਾ ਬਚਨ ਕਰਦੇ। ਗੁਰਬਾਣੀ ਦਾ ਪਾਠ ਕਰਨ ਜਾਂ ਅਖੰਡ ਪਾਠ ਕਰਵਾਉਣ ਨਾਲ ਭਾਵਨਾ ਪੂਰੀ ਹੁੰਦੀ। ਬਾਬਾ ਜੀ ਦੀ ਪ੍ਰੇਰਨਾ ਹੁੰਦੀ ਕਿ ਜਿੱਥੇ ਕੋਈ ਰੁਕਾਵਟ ਪੈ ਜਾਵੇ ਉੱਥੇ ਗੁਰਬਾਣੀ ਦਾ ਆਸਰਾ ਲੈ ਕੇ ਪਰਮਾਰਥ ਦੇ ਰਸਤੇ ਚੱਲਿਆ ਜਾਵੇ।

ਬਹੁਤ ਸਾਰੇ ਪ੍ਰੇਮੀ ਕਿਸੇ ਕਾਰਜ ਦੀ ਅਰਦਾਸ ਲਈ ਜਾਂ ਸ਼ੁਕਰਾਨੇ ਵਜੋਂ ਪ੍ਰਕਾਸ਼ ਕਰਵਾਏ ਅਖੰਡ ਪਾਠਾਂ ਸਮੇਂ ਬਾਬਾ ਜੀ ਨੂੰ ਦੀਵਾਨਾਂ ਲਈ ਵੀ ਬੇਨਤੀ ਕਰਦੇ। ਪਿੰਡ ਖਾਨਪੁਰ ਦੇ ਸ੍ਰ. ਅਰਜਨ ਸਿੰਘ ਦੇ ਪੁੱਤਰ ਹੋਣ ਤੇ ਸ਼ੁਕਰਾਨੇ ਵਜੋਂ ਅਖੰਡ ਪਾਠ ਪ੍ਰਕਾਸ਼ ਕਰਵਾਇਆ ਸੀ। ਮਹਾਂਪੁਰਖਾਂ ਨੂੰ ਦੀਵਾਨਾਂ ਦੀ ਬੇਨਤੀ ਕੀਤੀ। ਮਹਾਂਪੁਰਖਾਂ ਨੇ ਬੇਨਤੀ ਪ੍ਰਵਾਨ ਕਰ ਲਈ।

ਖਾਨਪੁਰ ਦੇ ਦੀਵਾਨਾਂ ਤੋਂ ਕੁਝ ਦਿਨ ਪਹਿਲਾਂ ਪਿੰਡ ਘਵੱਦੀ ਤੋਂ ਕੁਝ ਪ੍ਰੇਮੀ ਦਰਸ਼ਨਾਂ ਲਈ ਆਏ। ਉਨ੍ਹਾਂ ਵਿੱਚੋਂ ਇੱਕ ਨੇ ਆਪਣੇ ਭਰਾ ਹਰਨਾਮ ਸਿੰਘ ਦੀ ਬੇਨਤੀ ਕੀਤੀ। ਹਰਨਾਮ ਸਿੰਘ ਨੂੰ ਐਸੀ ਨਾਮੁਰਾਦ ਬਿਮਾਰੀ ਲੱਗੀ ਜਿਸ ਨਾਲ ਰੀੜ੍ਹ ਦੀ ਹੱਡੀ ਗਲ ਕੇ ਟੁੱਟ ਗਈ ਸੀ। ਲੱਕ ਤੋਂ ਹੇਠਾਂ ਸਰੀਰ ਸੁੰਨ ਹੋ ਚੁੱਕਾ ਸੀ। ਮੰਜੇ ਉੱਪਰ ਪਿਆ ਸੀ। ਕਿਰਿਆ ਪਰਤੰਤਰ ਹੋ ਚੁੱਕੀ ਸੀ। ਭਰਾ ਸੇਵਾ ਸੰਭਾਲ ਕਰਦੇ ਸਨ।

"ਤੁਹਾਡੇ ਪਿੰਡ ਦੇ ਨੇੜੇ ਖਾਨਪੁਰ ਦੀਵਾਨ ਨੇ। ਉੱਥੇ ਉਸਨੂੰ ਲੈ ਕੇ ਆਇਓ।" ਮਹਾਂਪੁਰਖਾਂ ਨੇ ਬਚਨ ਕੀਤਾ।

ਪਿੰਡ ਖਾਨਪੁਰ ਦੇ ਦੀਵਾਨਾਂ ਸਮੇਂ ਬਾਬਾ ਜੀ ਨੇ ਆਸਣ ਪਿੰਡੋਂ ਬਾਹਰ ਹੀ ਕੀਤਾ। ਰਿਹਾਇਸ਼ ਦਾ ਪ੍ਰਬੰਧ ਤੰਬੂ ਵਿੱਚ ਸੀ। ਬਾਬਾ ਜੀ ਸ਼ਾਮ ਨੂੰ ਪਹੁੰਚੇ ਸਨ। ਹਰਨਾਮ ਸਿੰਘ ਦੇ ਭਰਾ ਉਸਨੂੰ ਸਾਈਕਲ ਦੇ ਕੈਰੀਅਰ ਉੱਪਰ ਬਿਠਾ ਕੇ ਹੱਥ ਨਾਲ ਸਹਾਰਾ ਦੇ ਕੇ ਸਾਈਕਲ ਰੇਹੜਦੇ ਹੋਏ ਬਾਬਾ ਜੀ ਪਾਸ ਲੈ ਆਏ ਅਤੇ ਸਮਾਂ ਮਿਲਣ ਤੇ ਬੇਨਤੀ ਕੀਤੀ, "ਬਾਬਾ ਜੀ! ਇਸਨੂੰ ਬਹੁਤ ਡਾਕਟਰਾਂ ਨੂੰ ਦਿਖਾਇਆ। ਡਾਕਟਰਾਂ ਨੇ ਜਵਾਬ ਦੇ ਦਿੱਤਾ ਹੈ ਕਿ ਜਿੰਨਾ ਚਿਰ ਰਹੂ ਇਵੇਂ ਰਹੂ। ਬਹੁਤ ਔਖਾ ਹੈ। ਕਿਰਪਾ ਕਰੋ ਇਸਦਾ ਸਰੀਰ ਇੱਕ ਪਾਸੇ ਹੋ ਜਾਵੇ।"

"ਭਾਈ ਮੌਤ ਨਹੀਂ ਮੰਗੀਦੀ, ਜੀਵਨ ਦਾਨ ਮੰਗੀਦਾ ਹੈ। ਇਹਨੂੰ ਕਿਸੇ ਚੰਗੇ ਡਾਕਟਰ ਨੂੰ ਦਿਖਾਓ।" ਬਾਬਾ ਜੀ ਨੇ ਬਚਨ ਕੀਤਾ।

"ਬਾਬਾ ਜੀ! ਡਾਕਟਰਾਂ ਨੂੰ ਤਾਂ ਬਹੁਤ ਦਿਖਾਇਆ ਹੈ। ਸਾਰਿਆਂ ਨੇ ਹੀ ਜਵਾਬ ਦੇ ਦਿੱਤਾ ਹੈ।" ਹਰਨਾਮ ਸਿੰਘ ਦੇ ਭਰਾ ਕਰਤਾਰ ਸਿੰਘ ਨੇ ਕਿਹਾ। "ਕੋਈ ਗੱਲ ਨੀਂ ਭਾਈ ਕਿਸੇ ਚੰਗੇ ਡਾਕਟਰ ਨੂੰ ਦਿਖਾਓ। ਅੱਛਾ ਹੁਣ ਤਾਂ ਹਨ੍ਹੇਰਾ ਹੋ ਗਿਆ ਹੈ, ਕੱਲ ਸਵੇਰੇ 8 ਵਜੇ ਲੈ ਕੇ ਆਇਓ ਇਸਨੂੰ।" ਬਾਬਾ ਜੀ ਨੇ ਬਚਨ ਕੀਤਾ।

ਸਵੇਰੇ 8 ਵਜੇ ਸਾਰੇ ਭਰਾ ਫਿਰ ਆ ਗਏ। ਬਾਬਾ ਜੀ ਨੇ ਹਰਨਾਮ ਸਿੰਘ ਵੱਲ ਦੇਖਿਆ ਅਤੇ ਬਚਨ ਕੀਤਾ, "ਇਹਨੂੰ ਕਿਸੇ ਵਧੀਆ ਡਾਕਟਰ ਨੂੰ ਦਿਖਾਓ, ਜਾਂ ਫਿਰ ਇਉਂ ਕਰੋ, ਗੁਰਬਾਣੀ ਦਾ

ਆਸਰਾ ਲਓ। ਪਾਠ ਸਰਵਣ ਕਰੇ, ਕੀਰਤਨ ਸਰਵਣ ਕਰੇ।"

ਹਰਨਾਮ ਸਿੰਘ ਦੇ ਭਰਾਵਾਂ ਨੇ ਸਲਾਹ ਕੀਤੀ ਕਿ ਹਰਨਾਮ ਸਿੰਘ ਨੂੰ ਦੀਵਾਨ ਵਿੱਚ ਲਿਜਾਇਆ ਜਾਵੇ। ਇਸਦੇ ਨਾਲ ਹੀ ਉਨ੍ਹਾਂ ਨੇ ਵਿਚਾਰ ਕੀਤੀ ਕਿ ਡਾਕਟਰ ਵਾਲਾ ਬਚਨ ਵੀ ਮੰਨਿਆ ਜਾਵੇ। ਦੀਵਾਨ ਦੇ ਸਮੇਂ ਦੀਵਾਨ ਵਿੱਚ ਲੈ ਗਏ ਅਤੇ ਢੋਅ ਲਾ ਕੇ ਬਿਠਾ ਦਿੱਤਾ। ਪਹਿਲਾਂ ਜੱਥੇ ਦੇ ਸਿੰਘ ਕੀਰਤਨ ਕਰ ਰਹੇ ਸਨ। ਜਦ ਮਹਾਂਪੁਰਖਾਂ ਨੇ ਕੀਰਤਨ ਅਤੇ ਬਚਨ ਅਰੰਭ ਕੀਤੇ ਤਾਂ **'ਟੂਟੀ ਗਾਵਨਹਾਰ ਗੁੋਪਾਲ॥'** ਪ੍ਰਕਰਣ ਤੇ ਸਾਰੀ ਵਿਚਾਰ ਕੀਤੀ। ਇੱਕ ਪਾਸੇ ਹਰਨਾਮ ਸਿੰਘ ਪਾਸ ਦੋ ਭਰਾ ਬੈਠੇ ਸਨ, ਦੋ ਭਰਾ ਡਾਕਟਰ ਹਰੀ ਸਿੰਘ ਪਾਸ ਚਲੇ ਗਏ ਜੋ ਇਨ੍ਹਾਂ ਦਾ ਜਾਣੂ ਸੀ। ਉਨ੍ਹਾਂ ਦੀ ਵਿਚਾਰ ਸੀ ਕਿ ਡਾਕਟਰ ਨੂੰ ਖਾਨਪੁਰ ਹੀ ਲਿਆਂਦਾ ਜਾਵੇ ਅਤੇ ਬਾਬਾ ਜੀ ਦੇ ਸਾਹਮਣੇ ਹੀ ਹਰਨਾਮ ਸਿੰਘ ਨੂੰ ਇੱਕ ਵਾਰ ਫਿਰ ਦੇਖ ਲਵੇ। ਡਾਕਟਰ ਜਾਣੂ ਹੋਣ ਕਰਕੇ ਜਾਣ ਨੂੰ ਤਾਂ ਮੰਨ ਗਿਆ ਪਰ ਇੱਕ ਗੱਲ ਸਾਫ ਕਰ ਦਿੱਤੀ, "ਵੇਖੋ ਸਾਧੂ ਸੰਤਾਂ ਨੂੰ ਮੈਂ ਨੀਂ ਮੰਨਦਾ ਤੇ ਨਾ ਮੱਥਾ ਟੇਕਦਾ ਹਾਂ।"

ਇਧਰ ਦੀਵਾਨ ਦੀ ਸਮਾਪਤੀ ਤੋਂ ਬਾਅਦ ਹਰਨਾਮ ਸਿੰਘ ਨੂੰ ਬਾਬਾ ਜੀ ਦੀ ਰਿਹਾਇਸ਼ ਵਾਲੀ ਜਗ੍ਹਾ ਲੈ ਜਾਇਆ ਗਿਆ। ਬਾਬਾ ਜੀ ਨੇ ਤੰਬੂ ਵਿੱਚ ਬੁਲਾ ਲਿਆ। ਇੰਨੇ ਨੂੰ ਦੂਸਰੇ ਭਰਾ ਡਾਕਟਰ ਨੂੰ ਲੈ ਆਏ। ਆਉਂਦੇ ਸਾਰ ਹੀ ਡਾਕਟਰ ਹਰੀ ਸਿੰਘ ਡੰਡਉਤ ਵਿੱਚ ਲੰਮਾ ਪੈ ਗਿਆ। ਹਰਨਾਮ ਸਿੰਘ ਦੇ ਭਰਾ ਉਸਨੂੰ ਹੈਰਾਨੀ ਨਾਲ ਦੇਖ ਰਹੇ ਸਨ ਅਤੇ ਸੋਚ ਰਹੇ ਸਨ ਇਹ ਸਹੀ ਹੀ ਸਾਧੂ-ਸੰਤਾਂ ਨੂੰ ਨਹੀਂ ਮੰਨਦਾ ਜਾਂ ਤੁਰਨ ਲੱਗਾ ਮਜ਼ਾਕ ਵਿੱਚ ਝੂਠ ਬੋਲਿਆ ਸੀ। ਉਂਝ ਅਜਿਹੀ ਗੱਲ ਮਜ਼ਾਕ ਵਿੱਚ ਕਹਿਣ ਵਾਲੀ ਹੈ ਤਾਂ ਨਹੀਂ ਸੀ।

ਮਹਾਂਪੁਰਖਾਂ ਨੇ ਡਾਕਟਰ ਨੂੰ ਉੱਠਣ ਲਈ ਕਿਹਾ ਅਤੇ ਬਚਨ ਕੀਤਾ, "ਇਸਦਾ ਚੈੱਕਅੱਪ ਕਰੋ।" "ਬਾਬਾ ਜੀ! ਇਸਦੀ ਬਿਮਾਰੀ ਦਾ ਮੈਨੂੰ ਪਹਿਲਾਂ ਹੀ ਪਤਾ ਹੈ। ਇਹ ਡਾਕਟਰਾਂ ਦੇ ਠੀਕ ਕਰਨ ਦੀ ਨਹੀਂ ਹੈ। ਆਪ ਜੀ ਹੀ ਕਿਰਪਾ ਕਰ ਸਕਦੇ ਹੋ।" ਡਾਕਟਰ ਨੇ ਕਿਹਾ।

ਬਾਬਾ ਜੀ ਤੋਂ ਆਗਿਆ ਲੈ ਕੇ ਸਾਰੇ ਬਾਹਰ ਆਏ ਤਾਂ ਡਾਕਟਰ ਨੂੰ ਇੱਕ ਭਰਾ ਨੇ ਪੁੱਛਿਆ, "ਡਾਕਟਰ ਤੂੰ ਤਾਂ ਕਿਹਾ ਸੀ ਮੈਂ ਸੰਤਾਂ ਅੱਗੇ ਨਿਵਦਾ ਨਹੀਂ, ਤੂੰ ਤਾਂ ਲੰਮਾ ਹੀ ਪੈ ਗਿਆ।"

"ਬੱਸ ਹੁਣ ਮੈਥੋਂ ਇਹ ਨਾ ਪੁੱਛੋ। ਇਹ ਸੱਚਮੁੱਚ ਹੀ ਸੰਤ-ਮਹਾਂਪੁਰਖ ਹਨ।" ਡਾਕਟਰ ਨੇ ਇੰਨਾ ਹੀ ਕਿਹਾ।

ਅਗਲੇ ਦਿਨ ਫਿਰ ਹਰਨਾਮ ਸਿੰਘ ਦੇ ਭਰਾਵਾਂ ਨੇ ਉਸਨੂੰ ਦੀਵਾਨ ਵਿੱਚ ਲੈ ਆਉਂਦਾ ਅਤੇ ਢੋਅ ਲਗਾ ਕਿ ਬਿਠਾ ਦਿੱਤਾ। ਬਾਬਾ ਜੀ ਨੇ ਕੀਰਤਨ ਆਰੰਭ ਕੀਤਾ। ਅੱਜ ਆਪ ਜੀ ਨੇ ਪ੍ਰੇਮੇ ਕੋਹੜੀ ਦੀ ਸਾਖੀ ਸੁਣਾਈ। ਪ੍ਰੇਮੇ ਦਾ ਜਨਮ ਅਮੀਰ ਪਰਿਵਾਰ ਵਿੱਚ ਹੋਇਆ ਸੀ। ਨੌਜਵਾਨ ਉਮਰ ਵਿੱਚ ਸੀ ਜਦ ਉਸਦੇ ਮਾਪੇ ਚੜ੍ਹਾਈ ਕਰ ਗਏ। ਭੈਣ ਭਰਾ ਕੋਈ ਹੈ ਨਹੀਂ ਸੀ, ਮੌਕਾਪ੍ਰਸਤਾਂ ਨੇ ਉਸਨੂੰ ਸ਼ਰਾਬ ਦੀ ਲਾਗ ਲਗਾ ਦਿੱਤੀ। ਉਸ ਕੋਲ ਆ ਕੇ ਖਾਂਦੇ ਪੀਂਦੇ। ਇਵੇਂ ਦੌਲਤ ਪਾਣੀ ਵਾਂਗ ਵਹਾ ਦਿੱਤੀ, ਉੱਤੋਂ ਕੋਹੜ ਦਾ ਰੋਗ ਲੱਗ ਗਿਆ। ਧਿਆਲੇ-ਨਿਵਾਲੇ ਦੇ ਮਿੱਤਰ ਹੁਣ ਛੱਡ ਗਏ। ਆਸ-ਪਾਸ ਗੁਆਂਢ ਵਾਲੇ ਅਬਾਦੀ ਤੋਂ ਬਾਹਰ ਰਸਤੇ ਦੇ ਇੱਕ ਪਾਸੇ ਖੂਹ ਕੋਲ ਛੱਡ ਆਏ। ਆਸ-ਪਾਸ ਗੁਆਂਢ ਵਾਲੇ ਅਬਾਦੀ ਤੋਂ ਬਾਹਰ ਰਸਤੇ ਦੇ ਇੱਕ ਪਾਸੇ ਖੂਹ ਕੋਲ ਛੱਡ ਆਏ। ਕੋਈ ਭਲਾਮਾਨਸ ਖਾਣ ਵਾਸਤੇ ਕਦੇ ਰੋਟੀ ਦੇ ਜਾਂਦਾ। ਜਿਵੇਂ-ਕਿਵੇਂ ਦਿਨ ਕਟਦਾ। ਕੀਤੇ ਤੇ ਪਛਤਾਉਂਦਾ। ਇੱਕ ਸਵੇਰ ਉਸਦੇ ਕੰਨੀਂ ਗੁਰਬਾਣੀ

ਕੀਰਤਨ ਦੀ ਅਵਾਜ਼ ਆਈ। ਸੰਗਤ ਕੀਰਤਨ ਕਰਦੇ ਹੋਏ, ਗੋਇੰਦਵਾਲ ਸਾਹਿਬ ਜਾ ਰਹੀ ਸੀ। ਉਸਦੇ ਮਨ ਨੂੰ ਸ਼ਾਂਤੀ ਮਹਿਸੂਸ ਹੋਈ। ਸੰਗਤ ਨੂੰ ਰੋਕ ਕੇ ਆਪਣੀ ਵਿਥਿਆ ਦੱਸੀ। ਇੱਕ ਪਰਉਪਕਾਰੀ ਸਿੱਖ ਨੇ ਉਸਨੂੰ ਪਿੱਠ ਤੇ ਚੁੱਕ ਲਿਆ ਅਤੇ ਸ੍ਰੀ ਗੋਇੰਦਵਾਲ ਸਾਹਿਬ ਲੈ ਗਿਆ। ਉੱਥੇ ਸੰਗਤ ਦੇ ਦਰਸ਼ਨ ਕਰਦਾ, ਧੂੜੀ ਚੁੱਕ ਕੇ ਮੱਥੇ ਨੂੰ ਲਾਉਂਦਾ। ਖੁਸ਼ ਹੁੰਦਾ। ਇੱਕ ਦਿਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਸਨੂੰ ਇਸ਼ਨਾਨ ਕਰਵਾ ਕੇ, ਨਵੇਂ ਬਸਤਰ ਪਾ ਕੇ, ਉੱਪਰ ਕੱਪੜਾ ਦੇ ਕੇ ਲਿਆਓ। ਗੁਰੂ ਸਾਹਿਬ ਦੇ ਬਚਨ ਅਨੁਸਾਰ ਉਸ ਦਾ ਇਸ਼ਨਾਨ ਕਰਵਾਉਣ ਅਤੇ ਨਵੇਂ ਬਸਤਰ ਪਵਾਉਣ ਤੋਂ ਬਾਅਦ ਉੱਪਰ ਕੱਪੜਾ ਦੇ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਲਿਆਂਦਾ ਗਿਆ। ਗੁਰੂ ਸਾਹਿਬ ਦੇ ਇਸ਼ਾਰਾ ਕਰਨ ਤੇ ਜਦ ਉੱਪਰੋਂ ਕੱਪੜਾ ਲਾਹਿਆ ਗਿਆ ਤਾਂ ਉਸਦਾ ਸਰੀਰ ਅਰੋਗ ਅਤੇ ਨੌਂ-ਬਰ-ਨੌਂ ਹੋ ਚੁੱਕਾ ਸੀ।

ਹੁਣ ਗੁਰੂ ਸਾਹਿਬ ਨੇ ਬਚਨ ਕੀਤਾ ਕੋਈ ਸਿੱਖ ਆਪਣੀ ਪੁੱਤਰੀ ਦਾ ਰਿਸ਼ਤਾ ਇਸਦੇ ਨਾਲ ਕਰੋ। ਭਾਈ ਸ਼ੀਹਾ ਉੱਪਲ ਜੀ ਨੇ ਆਪਣੀ ਪੁੱਤਰੀ ਬੀਬੀ ਮਥੋ ਦਾ ਰਿਸ਼ਤਾ ਉਸ ਨਾਲ ਕਰ ਦਿੱਤਾ। ਗੁਰੂ ਸਾਹਿਬ ਨੇ ਪ੍ਰੇਮੇ ਦਾ ਨਾਮ ਮੁਰਾਰੀ ਰੱਖ ਦਿੱਤਾ। ਉਸ ਸਮੇਂ ਉਸ ਵੇਲੇ ਦੀ ਰੀਤ ਅਨੁਸਾਰ ਅਨੰਦ ਕਾਰਜ ਹੋਇਆ। ਗੁਰੂ ਸਾਹਿਬ ਨੇ ਤੁੱਠ ਕੇ ਦੋਨਾਂ ਤੇ ਰੂਹਾਨੀ ਬਖਸ਼ਿਸ਼ ਕਰ ਦਿੱਤੀ ਅਤੇ ਅਨੇਕਾਂ ਵਰ ਦਿੱਤੇ। ਉਨ੍ਹਾਂ ਨੂੰ ਮੰਜੀ ਦੀ ਬਖਸ਼ਿਸ਼ ਕਰਕੇ ਪ੍ਰਚਾਰ ਲਈ ਥਾਪਿਆ। ਬਾਬਾ ਜੀ ਨੇ ਇਹ ਪ੍ਰਸੰਗ ਸੁਣਾਉਂਦਿਆਂ ਇਹ ਸ਼ਬਦ ਵੀ ਪੜ੍ਹਿਆ :

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥***
*(ਅੰਗ ੭੦)*

ਹਰਨਾਮ ਸਿੰਘ ਨੂੰ ਪੂਰਨ ਨਿਸ਼ਚਾ ਹੋ ਗਿਆ ਸੀ ਕਿ ਉਸ ਤੇ ਵੀ ਜ਼ਰੂਰ ਕਿਰਪਾ ਹੋਵੇਗੀ। ਸਮਾਪਤੀ ਉਪਰੰਤ ਕਰਤਾਰ ਸਿੰਘ ਅਤੇ ਸਾਰੇ ਭਰਾ ਹਰਨਾਮ ਸਿੰਘ ਨੂੰ ਲੈ ਕੇ ਆਗਿਆ ਲੈਣ ਬਾਬਾ ਜੀ ਪਾਸ ਗਏ ਤਾਂ ਆਪ ਜੀ ਨੇ ਤਿੰਨ ਵਾਰ ਬਚਨ ਕੀਤਾ, "ਟੁੱਟ ਗਈ ਸੀ ਪਰ ਹੁਣ ਜੁੜ ਗਈ ਹੈ।"

ਆਪ ਜੀ ਨੇ ਹਰਨਾਮ ਸਿੰਘ ਨੂੰ ਰੋਜ਼ਾਨਾ ਗੁਰਬਾਣੀ ਦਾ ਪਾਠ ਕਰਨ ਦਾ ਬਚਨ ਕੀਤਾ। ਬਚਨ ਮੰਨ ਕੇ ਹਰਨਾਮ ਸਿੰਘ ਬੈਠਾ ਜਾਂ ਲੰਮਾ ਪਿਆ ਪਾਠ ਕਰਦਾ ਰਹਿੰਦਾ। ਕੁਝ ਦਿਨ ਬਾਅਦ ਅਚਾਨਕ ਉਸਦੇ ਇੱਕ ਪੈਰ ਦੇ ਅੰਗੂਠੇ ਵਿੱਚ ਹਰਕਤ ਹੋਈ। ਉਸ ਤੋਂ ਤੀਸਰੇ ਦਿਨ ਲੱਤਾਂ ਚੱਲ ਪਈਆਂ। ਹਫਤੇ ਦੇ ਅੰਦਰ ਅੰਦਰ ਆਸਰਾ ਲੈ ਕੇ ਤੁਰਨ ਲੱਗਾ। ਕੁਝ ਹੀ ਦਿਨਾਂ ਵਿੱਚ ਨੌਂ-ਬਰ-ਨੌਂ ਹੋ ਗਿਆ। ਠੀਕ ਹੋਣ ਤੋਂ ਬਾਅਦ ਮਹਾਂਪੁਰਖਾਂ ਤੋਂ ਸਮਾਂ ਲੈ ਕੇ ਘਰ ਵਿੱਚ ਸ਼ੁਕਰਾਨਾ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਅਤੇ ਦੀਵਾਨ ਲਵਾਏ।

ਹਰਨਾਮ ਸਿੰਘ ਘਰ ਦੇ ਕੰਮ ਕਾਜ ਵੀ ਕਰਦਾ ਪਰ ਬਹੁਤਾ ਸਮਾਂ ਸੇਵਾ ਸਿਮਰਨ ਵਿੱਚ ਲਾਉਂਦਾ। ਉਸਦੀ ਅਵਸਥਾ ਵੀ ਰੂਹਾਨੀ ਮੰਡਲਾਂ ਵਿੱਚ ਪ੍ਰਵੇਸ਼ ਕਰ ਗਈ। ਬਚਨ ਪੂਰੇ ਹੋਣ ਲੱਗੇ। ਕੋਈ ਕੁਝ ਪੁੱਛਦਾ ਤਾਂ ਉਸਨੂੰ ਰਾੜਾ ਸਾਹਿਬ ਜਾ ਕੇ ਦੇਗ ਕਰਾ ਕੇ ਅਰਦਾਸ ਕਰਨ ਦਾ ਬਚਨ ਕਰਦਾ। ਅਰਦਾਸ ਪੂਰੀ ਹੁੰਦੀ। ਅੰਤ ਸਮੇਂ ਉਸਨੇ ਆਪਣੇ ਸਰੀਰ ਛੱਡਣ ਬਾਰੇ ਵੀ ਪਹਿਲਾਂ ਹੀ ਦੱਸ ਦਿੱਤਾ ਸੀ।

❁❁❁

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

*ਲੜੀ ਜੋੜਨ ਲਈ 154 ਅੰਕ ਦੇਖੋ ਜੀ :-*

*—ਸੰਪਾਦਕ*

**534**

**ਆਪਣੇ ਘਰਾਂ ਵਿੱਚ ਜਪੁਜੀ ਸਾਹਿਬ ਨੂੰ ਜਾਪ ਬਣਾ ਦਿਓ, ਤੁਹਾਡੇ ਕਰੋੜਾਂ ਪਾਪ ਨਾਸ਼ ਹੋ ਜਾਣਗੇ।**

*—ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ*

**535**

**ਜਪੁਜੀ ਸਾਹਿਬ ਪੜ੍ਹਨ ਸਦਕੇ ਮਨ ਵਿੱਚ ਗੁਰੂ ਲਈ ਪ੍ਰੇਮ ਵਧੇਗਾ ਤੇ ਮਰਨ ਤੋਂ ਬਾਅਦ ਸੁੱਖਾਂ ਦੇ ਧਾਮ ਸੱਚਖੰਡ ਵਿੱਚ ਜਗ੍ਹਾ ਮਿਲੇਗੀ।**

*—ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ*

**536**

**ਅੰਤਰਮੁਖੀ ਹੋਣ ਲਈ ਸਭ ਤੋਂ ਵੱਡੀ ਦਵਾਈ ਨਾਮ ਹੈ।**

# ਕਾਬੁਲ ਦੀ ਸੰਗਤ ਨੇ ਜਪੁ ਜੀ ਸਾਹਿਬ ਦਾ ਸਹਾਰਾ ਲੈ ਕੇ ਕਿਵੇਂ ਮਨ ਦੇ ਸ਼ੰਕੇ ਹੱਲ ਕੀਤੇ?

(VCD 276)

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

—ਜਸਵਿੰਦਰ ਸਿੰਘ (ਪਟਿਆਲਾ)

*ਪ੍ਰਭ ਬਾਣੀ ਸਬਦੁ ਸੁਭਾਖਿਆ ॥*
*ਗਾਵਹੁ ਸੁਣਹੁ ਪੜਹੁ ਨਿਤ ਭਾਈ*
*ਗੁਰ ਪੂਰੈ ਤੂ ਰਾਖਿਆ ॥ ਰਹਾਉ ॥*

(ਅੰਗ ੬੧੧)

ਸੁਭਾਖਿਆ ਦਾ ਅਰਥ ਹੈ, ਬਾਣੀ ਉਚਾਰਨ ਕਰਨੀ। ਸਾਡੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਭੂ ਦਾ ਰੂਪ ਹਨ, ਇਹੋ ਜਿਹਾ ਸ਼ਬਦ, ਇਹੋ ਜਿਹੀ ਬਾਣੀ ਉਚਾਰਨ ਕੀਤੀ ਹੈ, ਇਸ ਨੂੰ ਗਾ ਲੈ, ਇਸ ਨੂੰ ਸੁਣ ਲੈ, ਇਸ ਨੂੰ ਪੜ੍ਹ ਲੈ, ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠ ਕੇ ਤੇਰੇ ਘਰ ਤੇਰੇ ਕੰਮ ਕਰਨ ਆ ਜਾਣਗੇ। ਸੁਭਾਖਿਆ ਤੋਂ ਭਾਵ ਕਿ ਉਚਾਰਨ ਕੀਤੀ ਹੈ। ਇਹ ਉਹ ਖਜ਼ਾਨਾ ਤੈਨੂੰ ਦਿੱਤਾ ਹੈ, ਭਾਵੇਂ ਇਸ ਨੂੰ ਪ੍ਰੇਮ ਨਾਲ ਗਾ ਲੈ। ਭਾਵੇਂ ਇਸ ਨੂੰ ਸੁਣ ਲੈ। ਭਾਵੇਂ ਇਸ ਨੂੰ ਪੜ੍ਹ ਲੈ। ਗੁਰੂ ਸਾਹਿਬ ਆਪਣੇ ਆਸਣ ਤੋਂ ਤੇਰੇ ਦੁਖ ਵਾਲੀ ਜਗ੍ਹਾ ਤੇ ਪਹੁੰਚ ਕੇ ਤੇਰੀ ਰੱਖਿਆ ਕਰਨਗੇ।

ਜਿੱਥੇ ਗੁਰਬਾਣੀ ਦਾ ਜਾਪ ਚਲੇ ਉੱਥੇ ਗੁਰੂ ਰਾਖੀ ਕਰਨ ਲਈ ਬਹੁੜ ਜਾਂਦੇ ਹਨ। ਜੈਸਾ ਕਿ ਗੁਰੂ ਸਾਹਿਬ ਜੀ ਦਾ ਫ਼ਰਮਾਨ ਹੈ:

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥੫॥*

(ਅੰਗ ੬੮੨)

ਆਓ ਬੜੇ ਪਿਆਰ ਨਾਲ ਪੜ੍ਹੀਏ।

*ਗਾਵਹੁ ਸੁਣਹੁ ਪੜਹੁ ਨਿਤ ਭਾਈ*

ਕਿੰਨੇ ਸੌਖੇ ਲਫਜ਼ਾਂ ਵਿੱਚ ਰਸਤਾ ਬਖਸ਼ਿਆ ਹੈ। ਭਾਈ ਕਟਾਰੂ ਦੇ ਮਹਿਕਮੇ ਵਾਲੇ ਵੱਟੇ ਚੈੱਕ ਕਰ ਰਹੇ ਹਨ ਤੇ ਉਨ੍ਹਾਂ ਨੇ ਜੇ ਇਹ ਬਚਨ ਨੂੰ ਕਮਾਉਣਾ ਸ਼ੁਰੂ ਕਰ ਦਿੱਤਾ ਹੈ, ਜਪੁ ਜੀ ਸਾਹਿਬ ਪੜ੍ਹਨੀ ਸ਼ੁਰੂ ਕਰ ਦਿੱਤੀ ਹੈ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਗਜ਼ਨੀ ਸ਼ਹਿਰ ਪਹੁੰਚ ਗਈ।

*ਗੁਰ ਪੂਰੈ ਤੂ ਰਾਖਿਆ ॥ ਰਹਾਉ ॥*

(ਅੰਗ ੬੧੧)

ਸੱਤ ਸਮੁੰਦਰ ਪਾਰ ਭਾਈ ਮੱਖਣ ਸ਼ਾਹ ਲੁਬਾਣਾ ਜੀ ਦਾ ਬੇੜਾ ਜੇ ਡੋਲ ਗਿਆ ਹੈ ਤੇ ਉਨ੍ਹਾਂ ਜਪੁ ਜੀ ਸਾਹਿਬ ਦੀ ਹਾਜ਼ਰੀ ਲਗਾ ਲਈ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਬਾਬੇ ਬਕਾਲੇ ਤੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਰਪਾ, ਸੱਤ ਸਮੁੰਦਰ ਪਾਰ ਉਨ੍ਹਾਂ ਕੋਲ ਪਹੁੰਚ ਗਈ ਹੈ।

*ਗੁਰ ਪੂਰੈ ਤੂ ਰਾਖਿਆ ॥ ਰਹਾਉ ॥*

(ਅੰਗ ੬੧੧)

ਇਹ ਪੰਕਤੀ ਅਸੀਂ ਰੋਜ਼ ਪੜ੍ਹਦੇ ਹੋ :




ਭਾਈ ਗੁਰਇਕਬਾਲ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ ਸੰਗਤ ਰੂਪੀ ਪਾਠ ਦੀ ਹਾਜ਼ਰੀ ਭਰਦੇ ਹੋਏ।

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***
*(ਅੰਗ ੬੨੮)*

ਦਾਸ ਕਈ ਵਾਰ ਸੋਚਦਾ ਹੈ ਕਿ ਜਿਹੜਾ ਸਗਲੀ ਲਫਜ਼ ਹੈ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਤਾ ਨਹੀਂ ਕਿੰਨਾ ਸੋਚ ਕੇ ਲਿਖਿਆ ਹੋਵੇਗਾ ਕਿ ਸਗਲੀ ਲਫਜ਼ ਨਾਲ ਗੁਰੂ ਪ੍ਰੇਮ ਦੇ ਬੰਧਨ ਵਿੱਚ ਆ ਜਾਂਦਾ ਹੈ। ਸਤਿਗੁਰੂ ਜੀ ਨੇ ਬਾਣੀ ਵਿੱਚ ਫ਼ਰਮਾਇਆ ਹੈ:

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***
*(ਅੰਗ ੬੨੮)*

'ਸਗਲੀ' ਲਫਜ਼ ਨੂੰ ਉਚਾਰ ਦੇਣਾ ਸਤਿਗੁਰਾਂ ਵੱਲੋਂ ਤੇ ਫਿਰ ਇੱਥੇ ਦਰਜ ਹੋਣਾ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ। ਤੁਸੀਂ ਮਿੰਟ ਵਿੱਚ ਸਵਾਲ ਕਰ ਸਕਦੇ ਹੋ। 'ਸਗਲੀ' ਲਫਜ਼ ਬੜਾ ਮਹਿੰਗਾ ਹੈ। ਸਾਰਾ ਹੀ ਕੁਝ ਆ ਜਾਂਦਾ ਹੈ। ਗਰੀਬੀ ਵੀ ਆ ਜਾਂਦੀ ਹੈ, ਬੱਚੇ ਨਹੀਂ ਕਹਿਣੇ ਉਹ ਵੀ ਆ ਜਾਂਦੇ ਹਨ, ਮੇਰੇ ਪਰਦੇ ਕੱਜ ਲੈ ਉਹ ਵੀ ਆ ਜਾਂਦੇ ਹਨ। ਅਨੇਕਾਂ ਤਰ੍ਹਾਂ ਦੇ ਸਰੀਰ ਦੇ ਦੁੱਖ, ਚਿੰਤਾ ਉਹ ਵੀ ਵਿੱਚ ਆ ਜਾਂਦੇ ਹਨ। ਕਿੰਨਾ ਸੋਚ ਕੇ ਮਹਾਰਾਜ ਜੀ ਨੇ ਉਚਾਰਿਆ ਹੋਵੇਗਾ।

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***
*(ਅੰਗ ੬੨੮)*

ਇਹ ਸਤਿਗੁਰਾਂ ਨੇ ਜਿਹੜੀ ਕੀਰਤਨ ਦੀ ਦਾਤ ਬਖਸ਼ੀ ਹੈ, ਵਾਜਾ ਦਿੱਤਾ ਹੈ, ਇਸ ਦੇ ਸਦਕੇ, ਜਦੋਂ ਦੁਨੀਆਂ ਵਿੱਚ ਵਿਚਰੀਦਾ ਹੈ, ਦਾਸ ਗੁਰੂ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ ਕਿ ਬਹੁਤ ਸਾਰੇ ਕੇਸ ਇਹੋ ਜਿਹੇ ਹਨ ਕਿ ਉਹ ਕਹਿੰਦੇ ਹਨ ਕਿ ਸਾਨੂੰ ਸ਼ੱਕ ਹੈ, ਕਿਸੇ ਨੇ ਸਾਡੇ ਤੇ ਕੁਝ ਕੀਤਾ ਹੈ। ਹਰ ਬੰਦੇ ਦਾ ਆਪੋ ਆਪਣਾ ਦਾਇਰਾ ਹੈ। ਤੁਹਾਡਾ ਦਾਇਰਾ ਰਿਸ਼ਤੇਦਾਰਾਂ ਤੱਕ, ਪੰਜ-ਸੱਤ, ਚਾਲੀ-ਪੰਜਾਹ ਤੱਕ। ਕਿਸੇ ਦਾ ਦਾਇਰਾ ਥੋੜ੍ਹਾ ਮਿੱਤਰਾਂ ਤੱਕ ਹੈ। ਦਾਸ ਦਾ ਕੀਰਤਨ ਕਰਕੇ ਦਾਇਰਾ ਸੰਗਤ ਤੱਕ ਹੈ। ਜਦੋਂ ਇਹ ਚੀਜ਼ ਸੁਣੀਦੀ ਹੈ, ਉਦੋਂ ਫਿਰ ਸਾਖੀ ਯਾਦ ਆ ਜਾਂਦੀ ਹੈ, ਸ੍ਰੀ ਅਨੰਦਪੁਰ ਸਾਹਿਬ ਜੀ ਦੀ।

ਸ੍ਰੀ ਅਨੰਦਪੁਰ ਸਾਹਿਬ ਜੀ ਦਾ ਪਹਿਲਾ ਨਾਂ ਮਾਖੋਵਾਲ। ਮਾਖੋਵਾਲ ਨਾਂ ਕਿਉਂ ਪਿਆ? ਇਹ ਮਾਖੋਵਾਲ ਉੱਥੇ ਵੱਡਾ ਦੈਂਤ ਸੀ। 700 ਦੈਂਤ ਇਸ ਦੇ ਕੋਲ ਸਨ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਾਜੇ ਭੀਮ ਚੰਦ ਨੂੰ ਰਕਮ ਦਿੱਤੀ ਇਸ ਜਗ੍ਹਾ ਦੀ ਤੇ ਉਸ ਨੇ ਇੰਨਾ ਸ਼ੁਕਰ ਮਨਾਇਆ ਕਿ ਇਹ ਜਗ੍ਹਾ ਕੋਈ ਲੈ ਕੇ ਰਾਜ਼ੀ ਨਹੀਂ। ਦੈਂਤਾਂ ਦੀ ਜਗ੍ਹਾ ਸੀ। ਮਾੜੀਆਂ ਚੀਜ਼ਾਂ। ਇਸ ਜਗ੍ਹਾ ਦੀ ਮੇਰੀ ਰਕਮ ਵਟੀ ਗਈ। ਖਜ਼ਾਨੇ ਵਿੱਚ ਲਾਭ ਹੋਵੇਗਾ। ਉਸ

ਜਗ੍ਹਾ ਨੂੰ ਕੋਈ ਲੈ ਕੇ ਰਾਜ਼ੀ ਨਹੀਂ। ਸ੍ਰੀ ਅਨੰਦਪੁਰ ਸਾਹਿਬ ਜੀ ਦਾ ਪਹਿਲਾਂ ਨਾਂ ਸੀ ਮਾਖੋਵਾਲ ਤੇ ਦੂਜਾ ਨਾਂ ਸੀ ਚੱਕ ਨਾਨਕੀ। ਜਦੋਂ ਨੌਵੇਂ ਪਾਤਸ਼ਾਹ ਜੀ ਨੇ ਨੀਂਹ ਰੱਖੀ ਤੇ ਉਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਲ ਅਵਸਥਾ ਵਿੱਚ ਇੱਥੇ ਆਏ, ਉਦੋਂ ਫਿਰ ਦਸਵੇਂ ਪਾਤਸ਼ਾਹ ਜੀ ਨੇ ਬਾਲ ਅਵਸਥਾ ਵਿੱਚ ਗੁਰਬਾਣੀ ਸੁਣਾਈ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿੰਦੇ, ਬੜਾ ਅਨੰਦ ਆਇਆ ਹੈ, ਬੜਾ ਅਨੰਦ ਆਇਆ ਹੈ। ਅੱਜ ਤੋਂ ਬਾਅਦ ਇਸ ਜਗ੍ਹਾ ਦਾ ਨਾਂ ਸ੍ਰੀ ਅਨੰਦਪੁਰ ਸਾਹਿਬ ਹੋਇਆ।

ਦਾਸ ਸਿਰਫ ਬੇਨਤੀ ਕਰਨੀ ਚਾਹੁੰਦਾ ਹੈ ਕਿ ਇਹ ਕੈਸਾ ਹੀਰਾ ਹੈ, ਬਾਣੀ ਦੇ ਰੂਪ ਵਿੱਚ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਚੌਕੜਾ ਮਾਰ ਕੇ ਬੈਠੇ ਸੀ ਤੇ ਮਾਖੋਵਾਲ ਦੈਂਤ ਸਾਹਮਣੇ ਆ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, ਬੜੇ ਦੁਖੀ ਹਾਂ। ਬਹੁਤ ਦੁਖੀ ਹਾਂ। ਗੁਰੂ ਸਾਹਿਬ ਕਹਿਣ ਲੱਗੇ, ਤੁਸੀਂ ਕਿਉਂ ਦੁਖੀ ਹੋ? ਮਹਾਰਾਜ ਜੀ, ਜਿਹੜੀ ਜਗ੍ਹਾ ਤੁਸੀਂ ਖਰੀਦੀ ਹੈ। ਇੱਥੇ ਅਸੀਂ ਰਹਿੰਦੇ ਹਾਂ। 700 ਦੈਂਤ ਮੇਰੇ ਥੱਲੇ ਹਨ ਤੇ ਦੁਖੀ ਤਾਂ ਹਾਂ ਕਿ ਤੁਹਾਡੇ ਸਿੱਖ ਸਵੇਰੇ ਸ਼ਾਮ ਬਾਣੀ ਪੜ੍ਹਦੇ ਹਨ ਤੇ ਸਾਡੀ ਜਿਹੜੀ ਪੁਜ਼ੀਸਨ ਇਹ ਹੈ ਕਿ ਜਦੋਂ ਬਾਣੀ ਪੜ੍ਹੀ ਜਾਵੇ ਤੇ ਜਿੱਥੋਂ ਤੱਕ ਅਵਾਜ਼ ਆਵੇ ਤੇ ਸਾਨੂੰ ਉਸ ਤੋਂ ਦੂਰ ਭੱਜਣਾ ਪੈਂਦਾ ਹੈ। ਸਿੱਖ ਸਵੇਰੇ ਸ਼ਾਮ ਬਾਣੀ ਪੜ੍ਹਦੇ ਹਨ ਤੇ ਜਿੱਥੇ ਬਾਣੀ ਪੜ੍ਹੀ ਜਾਵੇ ਉੱਥੇ ਅਸੀਂ ਟਿਕ ਨਹੀਂ ਸਕਦੇ। ਹੁਣ ਇੱਥੋਂ ਆਪੇ ਹੀ ਅੰਦਾਜ਼ਾ ਲਗਾਇਓ:

***ਤਿਨਿ ਸਗਲੀ ਚਿੰਤ ਮਿਟਾਈ ॥***

*(ਅੰਗ ੬੨੮)*

ਇਹ ਉਹ ਦਾਤ ਹੈ ਜਿਸ ਦੇ ਸਾਹਮਣੇ ਭੂਤ, ਪ੍ਰੇਤ ਵੀ ਨਹੀਂ ਟਿਕ ਸਕਦੇ।

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥***

*(ਅੰਗ ੨੭੬)*

ਇਹ ਉਹ ਖਜ਼ਾਨਾ ਹੈ। ਇਹ ਉਹ ਦਾਤ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਖਿਆ ਕਿ ਸਰਹਿੰਦ ਵੱਸੋ। ਤੁਹਾਡਾ ਵੀ ਸਮੇਂ ਨਾਲ ਉਧਾਰ ਹੋਵੇਗਾ। ਇੱਥੇ ਤਾਂ ਸਦਾ ਲਈ ਬਾਣੀ ਪੜ੍ਹੀ ਜਾਣੀ ਹੈ। ਇਹ ਤਾਂ ਦਾਸ ਨੇ ਬਚਨ ਸੁਣਾਇਆ ਹੈ ਕਿ ਅੱਜ ਕਲ੍ਹ ਬਹੁਤ ਵਹਿਮ ਹਨ ਸਾਡੇ ਤੇ ਕਿਸੇ ਨੇ ਕੁਝ ਕੀਤਾ, ਸਾਡੇ ਨਾਲ ਆਹ ਕੁਝ ਹੋ ਰਿਹਾ ਹੈ।

**ਧੰਨ ਧੰਨ ਬਾਬਾ ਨੰਦ ਸਿੰਘ ਜੀ ਦਾ ਬਚਨ ਹੈ। ਕਹਿੰਦੇ ਸਨ ਕਿ ਜਿਸ ਘਰ ਵਿੱਚ ਗੁਰਬਾਣੀ ਦਾ ਵਾਸਾ ਹੈ ਉੱਥੇ ਮਾੜੀਆਂ ਚੀਜ਼ਾਂ ਨੂੰ ਸੁਆਹ ਦੇ ਡੱਬੇ ਵਿੱਚ ਵੀ ਜਗ੍ਹਾ ਨਹੀਂ ਮਿਲਦੀ।**

**ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਬਚਨ ਹੈ, ਕਹਿੰਦੇ ਸੀ ਕਿ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੀ ਜਿਸ ਘਰ ਵਿੱਚ ਹਾਜ਼ਰੀ ਲੱਗ ਜਾਵੇ, ਉਸ ਘਰ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।**

ਇਹ ਉਹ ਖਜ਼ਾਨਾ ਹੈ। ਇੱਕ ਦੈਂਤਾਂ ਦੀ ਧਰਤੀ ਹੈ ਤੇ ਜੇ ਉੱਥੇ ਬਾਣੀ ਦਾ ਵਾਸਾ ਹੋ ਗਿਆ ਤੇ ਉਨ੍ਹਾਂ ਸਾਰਿਆਂ ਨੂੰ ਛੱਡ ਕੇ ਜਾਣਾ ਪਿਆ। ਕਿਸ ਸਦਕਾ? ਉੱਥੇ ਬਾਣੀ ਗਾਈ ਜਾਂਦੀ ਸੀ, ਸੁਣੀ ਜਾਂਦੀ ਸੀ, ਪੜ੍ਹੀ ਜਾਂਦੀ ਸੀ।

ਇਹ ਕੈਸਾ ਖਜ਼ਾਨਾ ਹੈ। ਤੇਰਾ ਕੋਈ ਬੁਰਾ ਵੀ ਸੋਚੇਗਾ, ਮਾੜਾ ਵੀ ਸੋਚੇਗਾ ਲੇਕਿਨ ਇਨ੍ਹਾਂ ਚੀਜ਼ਾਂ ਨੂੰ ਉਸ ਘਰ ਵਿੱਚ ਵਾਸਾ ਨਹੀਂ ਜਿੱਥੇ ਬਾਣੀ ਪੜ੍ਹੀ ਜਾਂਦੀ ਹੈ। ਪੜ੍ਹਿਓ ਜੀ :

***ਗਾਵਹੁ ਸੁਣਹੁ ਪੜਹੁ ਨਿਤ ਭਾਈ***
***ਗੁਰ ਪੂਰੈ ਤੂ ਰਾਖਿਆ ॥ ਰਹਾਉ ॥***

*(ਅੰਗ ੬੧੧)*

ਇਤਿਹਾਸਿਕ ਗੱਲਾਂ ਹਨ। ਇੱਕ ਦੈਂਤਾਂ ਦੀ ਧਰਤੀ ਹੈ ਤੇ ਜੇ ਉੱਥੇ ਬਾਣੀ ਆ ਗਈ ਤੇ ਦੈਂਤਾਂ ਨੂੰ ਉਸ ਧਰਤੀ ਨੂੰ ਛੱਡ ਕੇ ਜਾਣਾ ਪਿਆ।

ਦਾਸ ਇਹ ਗੱਲਾਂ ਪੜ੍ਹ ਕੇ ਹੈਰਾਨ ਹੋ ਜਾਂਦਾ ਹੈ ਕਿ ਪੁਰਾਤਨ ਗੁਰਸਿੱਖ ਕਿਵੇਂ ਨਿੱਕੇ ਤੋਂ ਵੱਡੇ ਕੰਮ ਕਰਨ ਤੋਂ ਪਹਿਲਾਂ ਗੁਰਬਾਣੀ ਦਾ ਸਹਾਰਾ ਲੈਂਦੇ ਸੀ? ਹੁਣ ਕਾਬੁਲ ਤੋਂ ਸੰਗਤ ਚੱਲਣ ਲੱਗੀ। ਇਹ ਸਮਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ। ਥੋੜ੍ਹੀ ਜਿਹੀ ਗੱਲ ਦਾਸ ਪਿੱਛੇ ਜਾ ਰਿਹਾ ਹੈ। ਸਾਡੇ ਜਿੰਨੇ ਗੁਰੂ ਸਾਹਿਬ ਹੋਏ ਹਨ, ਆਪਣੇ ਸਾਹਮਣੇ ਆਪਣੇ ਹੱਥੀਂ ਅਗਲੀ ਜੋਤ ਨੂੰ ਗੁਰਿਆਈ ਬਖਸ਼ਿਸ਼ ਕਰਦੇ ਸੀ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਸਾਹਮਣੇ ਆਪਣੇ ਹੱਥੀਂ ਗੁਰਿਆਈ ਬਖਸ਼ੀ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪ ਗੁਰਿਆਈ ਬਖਸ਼ਿਸ਼ ਕੀਤੀ। ਇਵੇਂ ਹੀ ਅਗਲੀਆਂ ਪਾਤਸ਼ਾਹੀਆਂ ਨੇ ਵੀ ਆਪਣੇ ਸਾਹਮਣੇ ਆਪਣੇ ਹੱਥੀਂ ਗੁਰਿਆਈ ਬਖਸ਼ੀ ਹੈ। ਪਰ ਅੱਠਵੀਂ ਪਾਤਸ਼ਾਹੀ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਸਾਹਮਣੇ ਗੁਰਿਆਈ ਨਹੀਂ ਬਖਸ਼ੀ। ਦਿੱਲੀ ਵਿੱਚ ਸਿਰਫ ਇੰਨੇ ਲਫਜ਼ ਹੀ ਬੋਲੇ, ਬਾਬਾ ਬਸੇ ਗਰਾਮ ਬਕਾਲੇ। ਹੁਣ ਧੀਰ ਮੱਲ ਕਹਿੰਦਾ ਸੀ, ਮੈਂ ਗੁਰੂ ਹਾਂ। ਇੱਧਰ ਭਾਈ ਮੱਖਣ ਸ਼ਾਹ ਲੁਬਾਣਾ ਜੀ ਰਾਹੀਂ ਸਾਰੀ ਬਿੱਧ ਬਣਾਈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਪ੍ਰਗਟ ਹੋਏ ਪਰ ਧੀਰ ਮੱਲ ਕਹਿੰਦਾ ਸੀ ਮੈਂ ਗੁਰੂ ਹਾਂ।

ਇਹ ਦਾਸ ਇਤਿਹਾਸ ਪੜ੍ਹ ਕੇ ਹੈਰਾਨ ਹੋ ਗਿਆ। ਕਾਬੁਲ ਤੋਂ ਸੰਗਤ ਤੁਰਨ ਲੱਗੀ ਤੇ ਆਪਸ ਵਿੱਚ ਕੀ ਵਿਚਾਰ ਹੋਈ? ਕਈ ਕਹਿੰਦੇ ਹਨ ਧੀਰ ਮੱਲ ਦੇ ਦਰਸ਼ਨ ਕਰਨ ਜਾਣਾ ਹੈ ਤੇ ਕਈ ਕਹਿੰਦੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ। ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਮੀਟਿੰਗ ਹੋਈ। ਸਾਰੇ ਘਰਾਂ ਵਿੱਚੋਂ ਦਸਵੰਧ ਇਕੱਠਾ ਕਰੋ। ਅੱਧਾ ਦਸਵੰਧ ਪਹਿਲਾਂ ਕਰਤਾਰਪੁਰ ਜਾਣਾ ਹੈ। ਧੀਰ ਮੱਲ ਕਰਤਾਰਪੁਰ ਸੀ। ਅੱਧਾ ਦਸਵੰਧ ਉਧਰ ਦੇਣਾ ਹੈ। ਫਿਰ ਜਾਣਾ ਹੈ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਦੇ ਕੋਲ। ਅੱਧਾ ਦਸਵੰਧ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦੇਣਾ ਹੈ।

ਹੁਣ ਜਿਹੜੀ ਸੰਗਤ ਕਾਬੁਲ ਤੋਂ ਤੁਰੀ ਕਰਤਾਰਪੁਰ ਪਹੁੰਚੀ ਅਤੇ ਅੱਧਾ ਦਸਵੰਧ ਧੀਰ ਮੱਲ ਨੂੰ ਦਿੱਤਾ ਤੇ ਧੀਰ ਮੱਲ ਨੇ ਸਿਰੋਪਾ ਦਿੱਤਾ ਸੰਗਤ ਨੂੰ। ਫਿਰ ਸੰਗਤ ਗਈ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਦੇ ਕੋਲ। ਜਦੋਂ ਦਸਵੰਧ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਚਰਨਾਂ ਵਿੱਚ ਰੱਖਿਆ ਤੇ ਮਹਾਰਾਜ ਜੀ ਨੇ ਸੰਗਤ ਨੂੰ ਸਿਰੋਪਾ ਦਿੱਤਾ। ਫਿਰ ਜਦੋਂ ਇਹ ਸੰਗਤਾਂ ਕਾਬੁਲ ਵਾਪਸ ਗਈਆਂ ਤੇ ਆ ਕੇ ਕਹਿੰਦੀਆਂ ਅੱਧਾ ਦਸਵੰਧ ਅਸੀਂ ਉਧਰ ਦੇ ਆਏ ਹਾਂ ਤੇ ਅੱਧਾ ਉਧਰ ਦੇ ਆਏ ਹਾਂ। ਹੁਣ ਕਲੀਅਰ ਕਿਵੇਂ ਹੋਵੇ? ਤੇ ਸੱਤ ਅੱਠ ਸਰੀਰ ਜਿਹੜੇ ਮੁਖੀ ਸਨ, ਸਾਰੀ ਮੀਟਿੰਗ ਸੱਦ ਕੇ ਕਹਿੰਦੇ, ਅਸੀਂ ਮਨ ਵਿੱਚ ਫੁਰਨਾ ਰੱਖਿਆ ਸੀ, ਤੁਹਾਨੂੰ ਨਹੀਂ ਦੱਸਿਆ। ਹੁਣ ਸਾਰੀ ਸੰਗਤ ਜਪੁ ਜੀ ਸਾਹਿਬ ਦੀ ਹਾਜ਼ਰੀ ਲਗਾਵੇਗੀ। ਵੇਖੋ ਪੁਰਾਤਨ ਸਿੱਖ ਗੁਰਬਾਣੀ ਤੋਂ ਅਗਵਾਈ ਲੈਂਦੇ ਸੀ। ਹੁਣ ਸਾਰੇ ਜਪੁ ਜੀ ਸਾਹਿਬ ਦੇ ਪਾਠ ਦੀ ਹਾਜ਼ਰੀ ਲਗਾਵਾਂਗੇ ਤੇ ਗਲ ਵਿੱਚ ਪੱਲਾ ਪਾ ਕੇ ਅਰਦਾਸ ਕਰਾਂਗੇ ਕਿ ਜੋਤ ਧੀਰ ਮੱਲ ਕੋਲ ਹੈ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਹੈ। ਅਰਦਾਸ ਦੇ ਵਿੱਚ ਅਸੀਂ ਕੀ ਮਨ ਵਿੱਚ ਧਾਰਿਆ ਹੈ ਕਿ ਇੱਕ ਸਿਰੋਪਾ ਉੱਥੋਂ ਮਿਲਿਆ ਹੈ, ਇੱਕ ਸਿਰੋਪਾ ਉੱਥੋਂ ਮਿਲਿਆ ਹੈ। ਜਪੁ ਜੀ ਸਾਹਿਬ ਦਾ ਪਾਠ ਕਰਕੇ ਅਰਦਾਸ ਕਰਾਂਗੇ ਕਿ ਜਿਹੜਾ ਸਿਰੋਪਾ ਭਾਰਾ ਹੋਵੇਗਾ, ਜੋਤ ਉੱਥੇ ਹੈ। ਆਪਸ ਵਿੱਚ ਕੀ ਕਹਿੰਦੇ, ਸਾਨੂੰ ਵਿਸ਼ਵਾਸ ਹੈ ਕਿ ਜਦੋਂ ਜਪੁ ਜੀ ਸਾਹਿਬ ਦਾ ਪਾਠ ਕਰਕੇ ਫਰਿਆਦ

ਕਰਾਂਗੇ ਗੁਰਬਾਣੀ ਦੇ ਸਦਕੇ ਸਾਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਰਸਤਾ ਦੇਣਗੇ, ਜੋਤ ਕਿੱਥੇ ਹੈ। ਇਸ ਤਰ੍ਹਾਂ ਪੁਰਾਤਨ ਗੁਰਸਿੱਖ ਬਾਣੀ ਦੇ ਆਸਰੇ ਨਾਲ ਰਾਹ ਲੈਂਦੇ ਸੀ। ਧਿਆਨ ਦੇਣਾ। ਸਾਰੀ ਸੰਗਤ ਨੇ ਰਲ ਕੇ ਜਪੁ ਜੀ ਸਾਹਿਬ ਜੀ ਦੀ ਹਾਜ਼ਰੀ ਭਰੀ। ਪੜ੍ਹਿਓ ਜੀ ਇੱਕ ਮਿੰਟ ਜ਼ਰਾ :

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥***

***(ਸ੍ਰੀ ਜਪੁ ਜੀ ਸਾਹਿਬ)***

ਸਾਰੀ ਸੰਗਤ ਨੇ ਜਪੁ ਜੀ ਸਾਹਿਬ ਦੇ ਪਾਠ ਦੀ ਹਾਜ਼ਰੀ ਲਗਾਈ ਤੇ ਆਖਿਆ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਰਤੋ। ਤੱਕੜੀ ਆ ਗਈ। ਇੱਕ ਛਾਬੇ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿਰੋਪਾ ਪਾਇਆ ਤੇ ਦੂਜੇ ਛਾਬੇ ਵਿੱਚ ਧੀਰ ਮੱਲ ਦਾ। ਅਰਦਾਸ ਕੀਤੀ ਕਿ ਜਿਹੜਾ ਭਾਰਾ ਹੋਵੇਗਾ ਉੱਥੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੋਤ ਹੋਵੇਗੀ। ਧਿਆਨ ਦੇਣਾ। ਇੱਕ ਛਾਬੇ ਵਿੱਚ ਧੀਰ ਮੱਲ ਦਾ ਸਿਰੋਪਾ ਤੇ ਇੱਕ ਛਾਬੇ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿਰੋਪਾ ਪਾਇਆ ਤੇ ਜਿਹੜਾ ਛਾਬਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸਿਰੋਪੇ ਵਾਲਾ, ਉਹ ਜ਼ਮੀਨ ਤੇ ਲੱਗ ਗਿਆ। ਜਦੋਂ ਜ਼ਮੀਨ ਤੇ ਲੱਗ ਗਿਆ, ਵਿੱਚੋਂ ਕੁਝ ਸਰੀਰ ਕਹਿਣ ਲੱਗੇ, ਜ਼ਰਾ ਵੇਖ ਲਓ ਕਿ ਇਹ ਕਿੰਨਾ ਕੁ ਭਾਰਾ ਹੈ। ਇਤਿਹਾਸ ਵਿੱਚ ਲਿਖਿਆ ਹੈ, ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਲਿਖਿਆ ਹੈ ਕਿ ਦੂਜੇ ਛਾਬੇ ਵਿੱਚ ਅੱਧੇ ਸੇਰ ਦਾ ਵੱਟਾ ਪਾਇਆ। ਧੀਰ ਮੱਲ ਵਾਲੇ ਪਾਸੇ। ਅੱਧਾ ਸੇਰ ਬਹੁਤ ਹੁੰਦਾ ਹੈ। ਅੱਧਾ ਸੇਰ ਉਧਰ ਪਾਵਾਂਗੇ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਛਾਬੇ ਵਾਲਾ ਪਾਸਾ ਉੱਤੇ ਚੁੱਕਿਆ ਜਾਵੇਗਾ। ਜਦੋਂ ਅੱਧਾ ਸੇਰ ਵਾਲਾ ਵੱਟਾ ਪਾਇਆ ਪਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਛਾਬੇ ਵਾਲਾ ਪਾਸਾ ਫਿਰ ਥੱਲੇ ਲੱਗਾ ਪਿਆ ਹੈ। ਸਾਰੇ ਸਮਝ ਗਏ ਕਿ ਗੱਲ ਸਾਡੇ ਤੋਲਣ ਤੱਕ ਨਹੀਂ ਹੈ। ਜਪੁ ਜੀ ਸਾਹਿਬ ਦੇ ਸਦਕਾ ਇਹ ਪੂਰਾ ਹੀ ਜਵਾਬ ਮਿਲ ਰਿਹਾ ਹੈ। ਹੁਣ ਕੀ ਕਰੀਏ, ਭਾਈ? ਕਹਿੰਦੇ ਸੇਰ ਦਾ ਵੱਟਾ ਪਾਓ। ਧੀਰ ਮੱਲ ਵਾਲੇ ਛਾਬੇ ਵਿੱਚ ਸੇਰ ਦਾ ਵੱਟਾ ਪਾਇਆ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਰੋਪੇ ਵਾਲਾ ਛਾਬਾ ਫਿਰ ਥੱਲੇ। ਹੁਣ ਕੀ ਕਰੀਏ? ਹੁਣ ਦੋ ਸੇਰ ਦਾ। ਇਸ ਨੂੰ ਵਜ਼ਨ ਦੇ ਰੂਪ ਵਿੱਚ ਨਾ ਦੇਖਣਾ।

***ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥***

***(ਅੰਗ ੩੯੯)***

ਦੂਜੇ ਛਾਬੇ ਵਿੱਚ ਪੰਜ ਸੇਰ ਦਾ ਵੱਟਾ ਪਾਇਆ। ਇਧਰਲਾ ਛਾਬਾ ਉੱਠਦਾ ਹੀ ਨਹੀਂ। ਸਾਰੀ ਸੰਗਤ ਨੇ ਸੀਸ ਝੁਕਾ ਦਿੱਤਾ, ਕਾਬਲ ਬੈਠਿਆਂ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅੱਜ ਤੋਂ ਬਾਅਦ ਤਨ ਵੀ ਤੇਰਾ, ਮਨ ਵੀ ਤੇਰਾ ਤੇ ਧਨ ਵੀ ਤੇਰਾ। ਸਿਰਫ ਇਸ਼ਾਰਾ ਲੈਣਾ।

***ਤਿਨਿ ਸਗਲੀ ਚਿੰਤ ਮਿਟਾਈ ॥***

***(ਅੰਗ ੬੨੮)***

ਇਹ ਉਹ ਖਜ਼ਾਨਾ ਹੈ ਕਿ ਪੁਰਾਤਨ ਗੁਰਸਿੱਖ ਗੁਰਬਾਣੀ ਦਾ ਸਹਾਰਾ ਲੈ ਕੇ ਅਗਵਾਈਆਂ ਵੀ ਲੈਂਦੇ ਸੀ, ਗੱਲਾਂ ਵੀ ਕਰਦੇ ਸੀ, ਮਾਰਗ ਵੀ ਲੈਂਦੇ ਸੀ। ਗੁਰੂ ਸਾਹਿਬ ਕਿਰਪਾ ਕਰਨ। ਇਸ ਹੀਰੇ ਨਾਲ ਸਾਡੀ ਸਾਂਝ ਪੈ ਜਾਵੇ। ਇਹ ਗੁਰਬਾਣੀ ਦੇ ਲਾਲਾਂ ਨਾਲ ਅੰਦਰੋਂ ਸਾਂਝ ਪੈ ਜਾਵੇ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

***ਗਾਵਹੁ ਸੁਣਹੁ ਪੜਹੁ ਨਿਤ ਭਾਈ***
***ਗੁਰ ਪੂਰੈ ਤੂ ਰਾਖਿਆ ॥ ਰਹਾਉ ॥***

***(ਅੰਗ ੬੧੧)***

❂❂❂

# ਅਨਮੋਲ ਬਚਨ

# ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ
154 ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ-ਸੰਪਾਦਕ

304

ਸ਼ਹੀਦੀ ਰੂਹਾਂ ਹਰ ਵੇਲੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਹਾਜ਼ਰ ਹੋ ਕੇ ਪਹਿਰਾ ਦਿੰਦੀਆਂ ਹਨ।

305

ਸਿੱਖੀ ਦਾ ਦੂਜਾ ਰੂਪ ਨਿਮਰਤਾ ਹੈ।

# ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

138

ਕਿਸੇ ਵਡਭਾਗੇ ਨੂੰ ਹੀ ਸਮਝ ਪੈਂਦੀ ਹੈ ਕਿ ਉਹ ਸੰਸਾਰ ਤੇ ਕਿਉਂ ਆਇਆ ਹੈ।

139

ਭਾਵੇਂ ਕੋਈ ਦੁਨੀਆਂ ਦਾ ਚੱਕਰਵਤੀ ਰਾਜਾ ਹੋਵੇ ਪਰ ਭਗਤਾਂ ਦਾ ਦਰਜਾ ਵੱਡਾ ਹੈ।

—ਭਾਈ ਅਮਰੀਕ ਸਿੰਘ ਗਨੈਸਕ

ਬੱਚਿਆਂ ਲਈ ਵਿਸ਼ੇਸ਼

### ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ 154 ਅੰਕ ਦੇਖੋ ਜੀ :-*

45. **ਪ੍ਰ: ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦਾ ਉਚਾਰਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਸ ਅਸਥਾਨ ਤੇ ਕੀਤਾ?**

ਉ: ਗੁਰਦੁਆਰਾ ਸ੍ਰੀ ਬਿਭੌਰ ਸਾਹਿਬ

ਇਹ ਪਾਵਨ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੋਂ ਤਕਰੀਬਨ 20 ਕੁ ਕਿਲੋਮੀਟਰ ਦੀ ਦੂਰੀ ਤੇ ਨੰਗਲ ਸ਼ਹਿਰ ਵਿਖੇ ਸੁਭਾਇਮਾਨ ਹੈ। ਰਾਜਾ ਰਤਨ ਰਾਏ ਦੀ ਬੇਨਤੀ ਪ੍ਰਵਾਨ ਕਰਦਿਆਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਅਸਥਾਨ ਤੇ ਬਹੁਤ ਸਮਾਂ ਰਹੇ ਤੇ ਸੰਮਤ 1753 ਵਿੱਚ ਭਾਦਰੋਂ ਸੁਦੀ ਅਸਟਮੀ ਐਤਵਾਰ ਵਾਲੇ ਦਿਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਤਲੁਜ ਦਰਿਆ ਦੇ ਕੰਢੇ ਤੇ ਇਸ ਰਮਣੀਕ ਅਸਥਾਨ ਤੇ ਸ੍ਰੀ ਚੌਪਈ ਸਾਹਿਬ ਜੀ ਦੀ ਪਾਵਨ ਬਾਣੀ ਦਾ ਉਚਾਰਨ ਕੀਤਾ। ਜਿਸ ਦਾ ਜ਼ਿਕਰ ਸਤਿਗੁਰੂ ਜੀ ਨੇ ਆਪ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਵਿੱਚ ਲਿਖਿਆ ਹੈ :

**ਚੌਪਈ ॥**

***ਸੰਬਤ ਸੱਤ੍ਰਹ ਸਹਸ ਭਣਿੱਜੈ ॥***

ਭਾਵ ਸੰਮਤ 1700, ਸਹਸ ਦਾ ਅਰਥ ਹੁੰਦਾ ਹੈ- ਸੌ।

***ਅਰਧ ਸਹਸ ਫੁਨਿ ਤੀਨਿ ਕਹਿੱਜੈ ॥***

ਅਰਧ ਸਹਸ ਭਾਵ ਅੱਧਾ ਸੌ ਭਾਵ ਪੰਜਾਹ, ਫੁਨਿ ਤੀਨਿ ਤੋਂ ਭਾਵ ਪੰਜਾਹ ਤੇ ਤਿੰਨ ਤਰਵਿੰਜਾ। ਭਾਵ ਕਿ ਸੰਮਤ 1753।

***ਭਾਦ੍ਰਵ ਸੁਦੀ ਅਸਟਮੀ ਰਵਿਵਾਰਾ ॥***

ਭਾਦੋਂ ਸੁਦੀ ਅਸ਼ਟਮੀ ਸੀ। ਰਵਿਵਾਰਾ ਤੋਂ ਭਾਵ ਐਤਵਾਰ ਦਾ ਦਿਨ ਸੀ।

***ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥੨੯॥***

ਤੀਰ ਤੋਂ ਭਾਵ ਕਿਨਾਰਾ ਤੇ ਸਤਦ੍ਰਵ ਤੋਂ ਭਾਵ ਸਤਲੁਜ।

ਹਰ ਸਾਲ ਜਦੋਂ ਸੰਗਤਾਂ ਹੋਲੇ ਮਹੱਲੇ ਤੇ ਜਾਂ ਵਿਸਾਖੀ ਦੇ ਪਾਵਨ ਦਿਵਸ ਤੇ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਦੀਦਾਰੇ ਕਰਨ ਆਉਂਦੀਆਂ ਹਨ ਤੇ ਇਸ ਅਸਥਾਨ ਉੱਤੇ ਪਹੁੰਚ ਕੇ ਸ੍ਰੀ ਚੌਪਈ ਸਾਹਿਬ ਦੀ ਬਾਣੀ ਦੇ ਵੱਧ ਤੋਂ ਵੱਧ ਪਾਠਾਂ ਦੀਆਂ ਹਾਜ਼ਰੀਆਂ ਭਰ ਕੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ

ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

❂❂❂

**46. ਪ੍ਰ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਪਾਵਨ ਕੰਘਾ ਤੇ ਕੇਸ ਕਿਨ੍ਹਾਂ ਨੂੰ ਬਖਸ਼ਿਸ਼ ਕੀਤੇ?**

ਉ: ਪੀਰ ਬੁੱਧੂ ਸ਼ਾਹ ਜੀ ਨੂੰ

ਪੀਰ ਬੁੱਧੂ ਸ਼ਾਹ ਜੀ ਨੇ ਭੰਗਾਣੀ ਦੇ ਯੁਧ ਵਿੱਚ ਸ੍ਰੀ ਪਾਉਂਟਾ ਸਾਹਿਬ ਵਿਖੇ ਆਪਣੇ ਚਾਰ ਪੁੱਤਰਾਂ, ਦੋ ਭਰਾਵਾਂ ਅਤੇ 700 ਮੁਰੀਦਾਂ ਸਮੇਤ ਭਾਗ ਲਿਆ। ਇਸ ਯੁੱਧ ਵਿੱਚ ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰਾਂ ਅਤੇ ਅਨੇਕਾਂ ਮੁਰੀਦਾਂ ਦੀ ਸ਼ਹੀਦੀ ਹੋਈ। ਇਸ ਯੁੱਧ ਵਿੱਚ ਦਸਮ ਪਾਤਸ਼ਾਹ ਜੀ ਦੀ ਜਿੱਤ ਹੋਈ। ਜਿੱਤ ਉਪਰੰਤ ਪੀਰ ਬੁੱਧੂ ਸ਼ਾਹ ਜੀ ਦਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਮੇਲ ਹੋਇਆ ਤੇ ਉਸ ਸਮੇਂ ਦਸਮ ਪਾਤਸ਼ਾਹ ਜੀ ਕੇਸਾਂ ਵਿੱਚ ਕੰਘਾ ਕਰ ਰਹੇ ਸਨ। ਮਹਾਰਾਜ ਜੀ ਨੇ ਪ੍ਰਸੰਨਤਾ ਦਿੱਤੀ ਤੇ ਜਦੋਂ ਪੁੱਛਿਆ ਪੀਰ ਬੁੱਧੂ ਸ਼ਾਹ ਜੀ ਤੋਂ ਤੁਹਾਡੇ ਤੇ ਖੁਸ਼ ਹਾਂ। ਕੁਝ ਮੰਗੋ ਤੇ ਪੀਰ ਬੁੱਧੂ ਸ਼ਾਹ ਜੀ ਨਿਮਰਤਾ ਦੇ ਘਰ ਵਿੱਚ ਆ ਕੇ ਬੇਨਤੀ ਕਰਨ ਲੱਗੇ, ਕੇਸਾਂ ਵਿੱਚ ਕੰਘਾਂ ਕਰਦਿਆਂ ਜਿਹੜੇ ਆਪ ਜੀ ਦੇ ਪਾਵਨ ਕੇਸ ਕੰਘੇ ਵਿੱਚ ਆ ਗਏ ਹਨ, ਇਹ ਕੇਸ ਕੰਘੇ ਸਮੇਤ ਮੇਰੀ ਝੋਲੀ ਵਿੱਚ ਪਾ ਦਿਓ। ਸਤਿਗੁਰੂ ਜੀ ਨੇ ਕਿਰਪਾ ਕੀਤੀ। ਇਹ ਪਾਵਨ ਕੇਸ ਅਤੇ ਇਹ ਪਾਵਨ ਕੰਘਾ ਅੱਜ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਸੁਭਾਇਮਾਨ ਹਨ।

❂❂❂

**47. ਪ੍ਰ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਕਿਹੜੇ ਪਿਆਰੇ ਗੁਰਸਿੱਖ ਨੇ ਕਿਸ ਸ਼ਸ਼ਤਰ ਨਾਲ ਮਸਤ ਹਾਥੀ ਦਾ ਮੁਕਾਬਲਾ ਕੀਤਾ? ਉਸ ਪਿਆਰੇ ਗੁਰਸਿੱਖ ਦਾ ਨਾਂ ਅਤੇ ਸ਼ਸ਼ਤਰ ਦਾ ਨਾਂ ਦੱਸੋ?**

ਉ: ਉਸ ਪਿਆਰੇ ਗੁਰਸਿੱਖ ਦਾ ਨਾਂ : ਭਾਈ ਬਚਿੱਤਰ ਸਿੰਘ ਜੀ, ਸ਼ਸ਼ਤਰ ਦਾ ਨਾਂ : ਨਾਗਨੀ ਬਰਛਾ

ਭਾਈ ਬਚਿੱਤਰ ਸਿੰਘ ਜੀ ਸਿੱਖ ਪੰਥ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਸਨ। ਆਪ ਜੀ ਨੇ ਪਹਾੜੀ ਰਾਜਿਆਂ ਵੱਲੋਂ ਸ਼ਰਾਬ ਨਾਲ ਮਸਤ ਹੋਏ ਹਾਥੀ ਦੇ ਮੱਥੇ ਵਿੱਚ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖਸ਼ਿਸ਼ ਕੀਤੇ ਨਾਗਨੀ ਬਰਛੇ ਨੂੰ ਉਦੋਂ ਮਾਰਿਆ ਜਦੋਂ ਉਹ ਲੋਹਗੜ੍ਹ ਦੇ ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜਨ ਵਾਸਤੇ ਅੱਗੇ ਵੱਧ ਰਿਹਾ ਸੀ। ਜਦੋਂ ਨਾਗਨੀ ਬਰਛਾ ਹਾਥੀ ਦੇ ਮੱਥੇ ਨੂੰ ਚੀਰ ਕੇ ਅੰਦਰ ਧੱਸਿਆ ਤੇ ਹਾਥੀ ਵਾਪਸ ਮੁੜ ਗਿਆ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੂੰ ਹੀ ਲਿਤਾੜਨ ਲੱਗ ਪਿਆ। ਇਹ ਪਾਵਨ ਨਾਗਨੀ ਬਰਛਾ ਅੱਜ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਭਾਇਮਾਨ ਹੈ।

❂❂❂

**48. ਪ੍ਰ: ਇੱਕ ਵਾਰੀ ਭਾਈ ਡੱਲ੍ਹਾ ਜੀ ਦੀ ਹਉਮੈ ਖਤਮ ਕਰਨ ਲਈ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਸਿੱਖ ਵੱਲੋਂ ਭੇਟ ਕੀਤੀ ਬੰਦੂਕ ਪਰਖਣੀ ਚਾਹੀ ਤਾਂ ਭਾਈ ਡੱਲ੍ਹਾ ਜੀ ਦਾ ਕੋਈ ਸਿਪਾਹੀ ਸਾਹਮਣੇ ਨਹੀਂ ਆਇਆ। ਉਹ ਕਿਹੜੇ ਪਿਆਰੇ ਦੋ ਸਿੱਖ ਸਨ ਜਿਹੜੇ ਪੂਰੇ ਚਾਅ ਨਾਲ ਇਸ ਪਰਖ ਵਿੱਚ ਸਫਲ ਹੋਏ? ਉਨ੍ਹਾਂ ਦੇ ਨਾਂ ਦੱਸੋ ਅਤੇ ਇਨ੍ਹਾਂ ਗੁਰਸਿੱਖਾਂ ਦਾ ਪਾਵਨ ਅਸਥਾਨ ਕਿੱਥੇ**

**ਸੁਸ਼ੋਭਿਤ ਹੈ?**

ਉ: ਦੋ ਪਿਆਰੇ ਸਿੱਖ ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ ਅਤੇ ਪਾਵਨ ਅਸਥਾਨ ਗੁ: ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ (ਤਲਵੰਡੀ ਸਾਬੋ), ਬਠਿੰਡਾ

ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਸਾਬੋ ਕੀ ਤਲਵੰਡੀ ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਬੰਦੂਕ ਭੇਟ ਕੀਤੀ। ਸਤਿਗੁਰੂ ਜੀ ਨੇ ਭਾਈ ਡੱਲ੍ਹਾ ਜੀ ਦਾ ਹੰਕਾਰ ਤੋੜਨ ਲਈ ਭਾਈ ਡੱਲ੍ਹਾ ਜੀ ਨੂੰ ਕਿਹਾ ਕਿ ਲਿਆਓ ਕੋਈ ਆਪਣਾ ਜਵਾਨ, ਅਸੀਂ ਬੰਦੂਕ ਦੀ ਪਰਖ ਕਰਨੀ ਹੈ ਪਰ ਕੋਈ ਵੀ ਜਵਾਨ ਸਾਹਮਣੇ ਨਾ ਆਇਆ। ਫਿਰ ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ ਸਾਡੇ ਸਿੱਖਾਂ ਕੋਲ ਜਾਓ, ਕਿਸੇ ਦਾ ਨਾਂ ਨਹੀਂ ਲੈਣਾ। ਇਹੀ ਅਵਾਜ਼ ਦੇਣੀ ਹੈ ਕਿ ਗੁਰੂ ਕਲਗੀਧਰ ਪਿਤਾ ਜੀ ਨੇ ਬੰਦੂਕ ਦੀ ਪਰਖ ਕਰਨੀ ਹੈ, ਕੋਈ ਆਵੇ। ਇਹ ਦੋਵੇਂ ਸਿੱਖ ਭੱਜੇ-ਭੱਜੇ ਆਏ। ਗੁਰੂ ਸਾਹਿਬ ਜੀ ਨੇ ਦੋਵਾਂ ਨੂੰ ਲਾਈਨ ਵਿੱਚ ਖੜ੍ਹਾ ਕਰ ਦਿੱਤਾ ਤੇ ਬੰਦੂਕ ਦਾ ਨਿਸ਼ਾਨਾ ਲਿਆ। ਭਾਈ ਡੱਲ੍ਹਾ ਜੀ ਜਦੋਂ ਵੇਖਦੇ ਹਨ, ਦੋਵੇਂ ਸਿੱਖਾਂ ਦੇ ਚਿਹਰਿਆਂ ਤੇ ਮੌਤ ਦਾ ਡਰ ਹੀ ਕੋਈ ਨਹੀਂ ਤੇ ਚੜ੍ਹਦੀ ਕਲਾ ਵਿੱਚ ਹਨ। ਮਹਾਰਾਜ ਜੀ ਨੇ ਨਿਸ਼ਾਨਾ ਲਗਾਇਆ ਤੇ ਗੋਲੀ ਦੋਵਾਂ ਦੇ ਉਪਰੋਂ ਦੀ ਕੱਢ ਦਿੱਤੀ ਤੇ ਖੁਸ਼ੀਆਂ ਬਖਸ਼ੀਆਂ ਤੇ ਭਾਈ ਡੱਲ੍ਹਾ ਜੀ ਦਾ ਹੰਕਾਰ ਤੋੜਿਆ।

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।

Dhan Dhan Mata Kaulan Ji-Sifti Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# पीर बुद्धू शाह जी के सवाल, कलगीधर पिता जी के जवाब

–जसविन्द्र सिंघ (पटियाला)

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

साध संगत जी, जब यह पंक्ति पढ़ें तो सतिगुरु जी के मुख के दर्शन होते हैं।

***कलगी सोहे सीस।***

यह विद्या है। हम जितने भी समागम पर एकत्र होते हैं, कीर्तन की, कथा की, बाणी की विद्या को साथ–साथ समझना। जो मुख्य पंक्ति है, उस पर सारे प्रमाण मन की रीझें हैं, धन्य श्री गुरु गोबिंद सिंघ जी! यहाँ आने वाला हर प्रेमी संगत का, ऐसी कृपा करो कि दूसरों को भी जोड़ने वाला बन जाए। वह विद्या समझोगे फिर इस पढ़ाई का आगे प्रचार होगा। एक शब्द लगायें:

***दुख भंजनु तेरा नामु जी***

*(अंग २१८)*

दूसरा शब्द लगा दें:

***शाह शहनशाह गुर गोबिंद सिंघ।***

तीसरा शब्द लगा दें:

***पाप की जंञ लै काबलहु धाइआ***

*(अंग ७२२)*

है सारी बाणी पर यह विद्या के लिए एक प्रकरण है। आओ दूसरा शब्द पढ़ें:

***तिसु गुर कउ साबासि है***
***जिनि हरि सोझी पाई॥***

*(अंग ५८८)*

कलगीधर जी के प्यार में कहो सतिनाम श्री वाहिगुरु जी! धन्य धन्य साहिब श्री गुरु ग्रंथ साहिब जी महाराज का जहाँ प्रकाश है, इसी तरह सिंघासन पर बैठकर धन्य श्री गुरु गोबिंद सिंघ जी संगतों को दीदार दे रहे हैं। चंवर साहिब भी हो रही है। जैसे आप बैठे हो, भाई, बहनें, संगतें वैसे ही बैठी हैं। जैसे मार्ग है बीच में दर्शन करने के लिए, वैसे ही मार्ग बना है। इस मार्ग में से कौन चला आ रहा है? पीर बुद्धू शाह जी। जितना मार्ग दर्शन करने वाला होगा, तीस चालीस फीट, पचास फीट। जब ऐंटर होता है, दर्शन हो जाते हैं, गुरु साहिब जी के। यह दास पहली बार का जिक्र कर रहा है। पीर बुद्धू शाह जी जब पहली बार आए हैं कि बड़ा नाम सुना है कलगीधर जी का हम भी दर्शन करके आएं। कहते, अंदर आते ही थोड़ा–सा शंका पैदा हो गया। यह गुरु गोबिंद सिंघ जी है? पर छोटी उम्र के हैं। मैं बड़ी उम्र का हूँ। यह आप जी को पता है, धन्य श्री गुरु गोबिंद सिंघ जी महाराज ने 42 वर्ष की उम्र में शरीर त्याग दिया है। जब पीर बुद्धू शाह जी से मिलाप हुआ है तब 32–33 साल उम्र होगी और 32–33 साल

कितनी उम्र होती है आपको पता ही है। जितने बैठे हो, इतनी उम्र हमारी गुजर भी गई है। दर्शन करने के लिए पीर बुद्धू शाह जी अंदर आते जा रहे हैं पर दो मन झगड़ रहे हैं पीर बुद्धू शाह जी के कि यह छोटी उम्र के हैं, मैं बड़ी उम्र का हूँ। नाम बड़ा सुना था पर यह छोटी उम्र के हैं, मैं बड़ी उम्र का हूँ। दो मन उलझ रहे हैं कि माथा टेकूं कि न टेकूं? एक मन कहता है, नमस्कार कर और एक मन कहता है कि मुझ से छोटी उम्र के हैं, मैं नमस्कार करूं? पीछे कितने मुरीद। काफी संख्या। कहते कि जितना मार्ग था दर्शन करने वाला, दो मन लड़ते रहे। बिल्कुल पास आकर फैसला लिया कि माथा नहीं टेकते, हाथ मिला लेते हैं। बीच वाला काम हो जाएगा। यह छोटी उम्र के हैं, मैं बड़ी उम्र का हूँ। मैं माथा टेकूं और मेरे मुरीद क्या कहेंगे? कहता कि हाथ मिला लेता हूँ, बीच वाला काम हो जाएगा। कहते कि इसने दायां हाथ आगे किया। आप भी किसी को हाथ मिलाओ और सामने वाला भी दायां हाथ आगे करता है। अब जब हाथ आगे किया तो सतिगुरु जी सब पढ़ रहे हैं। धन्य श्री गुरु गोबिंद सिंघ जी अपना हाथ आगे करने की जगह दोनों हाथों में पीर जी का हाथ पकड़ कर दबाने लग गए। बड़े प्यार से। उस एक-एक दबाने में पता नहीं क्या-क्या रहस्य थे। पूरे हैं।

सुदामा लेकर आया था चावल, श्री कृष्ण जी के लिए। अब एक मुट्ठी भर लिए, दो, तीन। अब देखने को थोड़े-से हैं पर कृष्ण जी के पहली मुट्ठी भर लेने पर सुदामा जी का घर बना रहे हैं, दूसरी मुट्ठी भर लेने पर घर पदार्थों से भर रहे हैं, तीसरी मुट्ठी भर लेने पर अन्य दे रहे हैं। फिर हाथ पकड़ लिया, सब कुछ इसको दे देना है। भाई गुरदास जी ने लिखा है:

***लै कै तंदुल चबिओनु***

अब देखने वाले के लिए तो यही है कि चावल पकड़े हैं और खा लिए हैं पर भाई गुरदास जी लिखते हैं :

***विदा करे अगै पहुचावे।***

*(वार १०, पउड़ी ६)*

यह पहले खाने में आशीष है। पर पहला शब्द लगा था :

***कलगी सोहे सीस।***

अब जब पहला शब्द लगा था, इस में प्रमाण था और कई बार दास सोचता है कि कोई पंक्ति लेकर उस मुताबिक प्रमाण हों। यह दात हमें प्रदान की है, बाबा कुंदन सिंघ जी ने। बाबा नंद सिंघ जी के घर है विद्या है कीर्तन की। आप कभी नानकसर जाओ, जो कीर्तन होता है आसा जी के वार के छह छकों के बाद, दो घण्टे एक पंक्ति पर कीर्तन होता है। दो घण्टे फिर उस पर प्रमाण चलेंगे। दो घन्टे लगातार कोई सुनने वाला श्रोता हो और फिर तृप्त होकर उठता है।

***रजि रजि भोजनु खावहु मेरे भाई॥***

*(अंग ८०७)*

ये जो प्रमाण चल रहे थे, एक पंक्ति पर दास सोचता है कि हमने भी उन में होना था जिनको नहीं सूझ। तू कृपा के घर में आकर.. ...! क्योंकि दास एक बार बाबा कुंदन सिंघ जी के दर्शन करने के लिए कमरे में गया था। सात-आठ साथी दास के साथ थे। बाबा जी कोई देख रहे थे वी.सी.डी. टी.वी. पर, शब्द श्रवण कर रहे थे। दो-तीन वचन दास के साथ किए।

उसके बाद सेवादार को कहते, यह कीर्तन करता है। हमारा भी रजिस्टर कीर्तन वाला लेकर आओ, प्रमाणों वाला रजिस्टर। बाबा जी ने भी रजिस्टर लगाया हुआ था। बाबा जी स्वयं भी कभी कीर्तन करते थे। बाबा कुंदन सिंघ जी कहते सेवादार को, प्रमाणों वाला रजिस्टर लेकर आओ। आज वह रजिस्टर इसको दे दें। यह रजिस्टर बाबा कुंदन सिंघ जी ने देना है, इसलिए दास बड़ा खुश। बाबा जी ने वो रजिस्टर अपने लिए तैयार किया, प्रमाणों का, आज कृपा हो रही है। प्रमाण होते हैं। एक पंक्ति पर प्रमाण वह सेवादार ने अलमारी देखी। एक देखी, दूसरी देखी, तीसरी देखी। सात–आठ मिनट देखकर कहता है, बाबा जी मिल नहीं रहा। दास उदास हो गया कि चीज मिलने लगी थी पर अब मिल नहीं रही। सात–आठ मिनट मिला। एक–दो मिनट फिर मिला। दास को कहने लगे कि मिल नहीं रहा। जब मिल गया, हमारा रजिस्टर तुम ले जाना। दास कई बार अकेला बैठकर सोचता है कि रजिस्टर मिला नहीं पर वह वचन मिल गया है कि प्रमाणों वाला रजिस्टर लाओ इसकी झोली डालें। यदि रजिस्टर झोली में डाल देते तो और कृपा होनी थी। महापुरुषों ने ख्याल बना लिया। ला दें, प्रमाणों का रजिस्टर। जो पूरे हैं, उनके कहने में भी काफी कुछ होता है।

पीर बुद्धू शाह जी ने हाथ गुरु साहिब जी के आगे किया और कलगीधर जी पीर जी का हाथ अपने दोनों हाथों में लेकर दबाने लग गए और उस दबाने में ही क्या कुछ दे रहे हैं। क्या कह रहे हैं, क्या दे रहे हैं। पूरे की बात है। सोच से परे है। अब जब गुरु साहिब पीर जी के हाथ को अपने दोनों हाथों से दबाने लग गए और पीर बुद्धू शाह जी सोचने लगे कि हाथ मिलाएँगे और हाथ एक–आधा मिनट मिलाकर बैठ जाऊँगा। यह उम्र में छोटे हैं, मैं उम्र में बड़ा हूँ। यह दरार आई है। सतिगुरु जी हाथ दबाने लग गए है। ज्ञानी था। ज्ञानवान था। पीर था। छोटी बात नहीं थी। खड़े–खड़े अचानक ज्ञान ने काम किया। हे मन, लड़ रहा है। यह छोटी उम्र के हैं, मैं बड़ी उम्र का हूँ। माथा टेकूं कि न टेकूं? पीर बुद्धू शाह जी कहते हैं, एक सवाल कर देता हूँ। यदि जवाब दे देंगे तो समझ लूँगा कि उम्र की बात नहीं। यदि जवाब नहीं देंगे तो व्यंग्य करके चला जाऊँगा। इस बात से मन को एक तरफ लगाया कि सवाल कर दे। पीर बुद्धू शाह जी ने सवाल क्या किया? कहते हैं, महाराज जी, एक सवाल है और धन्य श्री गुरु गोबिंद सिंघ जी महाराज बड़ी मीठी मुस्कान में कहते, बताओ पीर जी! जानते सब कुछ हैं, कौन–सी लड़ाई अंदर चल रही है, क्या जंग चल रही है। आप में से ही कोई पाँच घण्टे की बैठक करे व पचास–साठ पैसे पर आप चेहरा पढ़ना शुरु कर देते हो। वह कहाँ खड़ा है? क्या है अंदर? यह अलग बात है। भाई गुरदास जी कहते :

***गुर सिखी गुर सिख सुणि***
***अंदरि सिआणा बाहरि भोला।***

*(वार ४, पउड़ी १७)*

अंदर से गुरसिक्ख सब समझता है, बाहर से कुछ नहीं। पीर बुद्धू शाह जी कहते हैं, महाराज जी, एक सवाल है और धन्य श्री गुरु गोबिंद सिंघ जी मीठी मुस्कान में कहते, बताओ पीर जी व पीर बुद्धू शाह जी कहते हैं, महाराज जी, खुदा व खुदा के बंदे का मेल कैसे हो? मन में क्या है? जवाब दे देंगे तो पूरे हैं यदि नहीं

देंगे तो व्यंग्य कर दूंगा। कहने लगे– खुदा व खुदा के बंदे का मेल कैसे हो? तो महाराज जी ने जवाब दिया दास तो कहता है कि पीर बुद्धू शाह जी, आपका भला हो! हमारे लिए सड़क प्रदान कर दी। बहुत बड़ी बात है कि आठ लफ्जों में जिंदगी का रहस्य बता दिया। आठ लफ्जों में मेल का मार्ग दे दिया। सिर्फ आठ लफ्जों में जवाब दिया है।

सवाल क्या है? खुदा व खुदा के बंदे का मेल कैसे हो? महाराज जी कहते हैं:

*हऊं मुआ, खुदा हुआ।*

यह जिंदगी का रहस्य घर ले जाना। खुदा व खुदा के बंदे का मेल कैसे हो? महाराज कहते, जिस दिन तेरी मैं मर गई, जिस दिन तेरा अहंकार मर गया, मेल तो एक तरफ रहा, उस दिन तू खुद खुदा बन जाएगा।

*हऊं मुआ, खुदा हुआ।*

यह हमारे लिए सड़क है। तेरी प्राप्ति में रुकावट क्या है? तेरी 'मैं।' एक ध्यान रखना। सारे यत्न करो, विशेषकर 'मैं' जो है, रागी को बड़ी जल्दी आती है। कीर्तनिए को। उसको ज्यादा बचना चाहिए। जितनी मेरी बहनें, जितने बच्चे, वीर कीर्तन सीखते हो, आपने ज्यादा सुचेत रहना है। दीवान में पाँच सौ व्यक्ति बैठा है। आपने कीर्तन किया है और पाँच सौ व्यक्ति जुड़ गया और उठते समय पूरा डर है, हउमैं आने का कि मेरे कारण जुड़ गया। बाबा जी की मर्यादा रखना। कीर्तन के बाद जो समय है और एक पाठ श्री सुखमनी साहिब जी की हाजरी लगा। नहीं समय तो एक पाठ श्री जपुजी साहिब का करो। यदि और नहीं समय तो पाँच पउड़ियां श्री जपुजी साहिब की पढ़कर छोटी अरदास करके कह, शुक्र है, सतिगुरु जी! गरीब से सेवा ली है। तेरा दिया कीर्तन दरगाह में जमा हो जाएगा। यदि आ गई 'मैं' तो फिर:

*हउमै विचि सेवा न होवई ता मनु बिरथा जाइ ॥१॥*

*(अंग ५६६)*

यह जो 31 दिसंबर है। यह ऐसे होता है, जैसे दीवाली लगती है कई दुकानदारों को। कई दुकानदारों की पतंगे, डोर के कारण लोहड़ी लगती है और कई दुकानदारों की वैसाखी लगती है और 31 दिसंबर रागियों की ऐसे होती है जैसे दीवाली होती है। पूरी दीवाली। किसी के दो दीवान, किसी के छह दीवान बुक होते हैं। आप 31 दिसंबर को दास को दिल्ली भेजते हो। 31 दिसंबर को दिल्ली 6:30 से लेकर रात 12:30 बजे तक चार जगह कीर्तन था, दूर–दूर। छह घण्टों में चार जगह कीर्तन था। कहीं एक घण्टा कीर्तन, कहीं पौना घण्टा। दो घण्टे सुबह। छह कीर्तन। पूरी थकावट हो जाती है। यह बातें दास इसलिए बता रहा है, कहीं काम आएँगी। दास ने कहा कि छह घण्टे कीर्तन, कठिन काम है। दौड़ सी बनी रहती है। एक से दूसरी जगह और रास्ता भी लम्बा 25–25 मिनट का है। गुरुद्वारा शीशगंज साहिब कीर्तन था, फिर गुरुद्वारा रकाबगंज साहिब था। लगभग 35–40 मिनट का रास्ता है। फिर कालका जी था। रास्ता भी काफी था। एक सिंघ को गुटका साहिब देकर बिठाया कि आपने श्री सुखमनी साहिब का पाठ करना नहीं छोड़ना और दो लड़कों की डयूटी लगाई और कहा कि एक थक जाए तो दूसरा गुटका साहिब पकड़ ले पर यह बाणी चलती रहे। यह बाणी चलती रहेगी और सारे काम होते

जाएँगे। जब रात डेढ़–दो पौने दो बजे सारे समागम समाप्त हो गए। अब हाजरी लगाओ, शुक्राने की, शुक्र है, धन्य श्री गुरु गोबिंद सिंघ शुक्र है। एक जगह गाड़ी पंचर हो जाती और सारा प्रबंध ही हिल जाना था। तू सेवा के लिए है, जहाँ 'मैं' वहाँ परीक्षा है। जहाँ गरीबी आ जाएगी, वहाँ आपकी चाकरी करेगा। यह मैं किसी को नहीं, एक वचन है। कीर्तनिए को यह डर बहुत होता है, कोई गुस्सा न करे। लीडर को भी यह डर बहुत होता है। उसको भी ध्यान रखना चाहिए। तीसरा माया बहुत है, उसको डर होता है। चौथा जो बहुत सुंदर हो, उसको भी डर होता है। पाँचवां जो पढ़ा–लिखा बहुत है। छठा जो कलाकार है। यह छह शरीर को, महापुरुषों को ज्यादा ध्यान रखना चाहिए। अब जिसका हिसाब–किताब ठीक हो, उसको क्या अहंकार आना है। अब ज्यादा पढ़ा लिखा हो, उसको अहंकार ज्यादा आता है। मैं हूँ कलाकार, उसको ज्यादा। लीडर, माया वाले को, सुंदर को। अब जो सुंदर नहीं, उसको क्या अहंकार आना है। कीर्तनिए को। पीर बुद्धू शाह जी ने सवाल किया है। सतिगुरु जी ने जवाब दिया है :

***हऊं मुआ, खुदा हुआ।***

दास को एक बात याद आ गई। आपके अमृतसर का शरीर था और दास को कहने लगा कि दरबार साहिब जाते हो रोज? दास ने कहा कि शहीदां साहिब जाते हैं, गुरु साहिब ले जाते हैं रोज़ पर दरबार साहिब की रुटीन नहीं। सप्ताह में एक दो बार सतिगुरु जी की कृपा होती है, क्योंकि अंदर बाहर जाना होता है। कहने लगा कि अब जाओगे तो घण्टा घर से जाना। दास ने कहा सति वचन। चार–पाँच दिन बाद फिर मिला और कहने लगा कि गए थे दरबार साहिब? दास ने कहा कि गया था। घण्टा घर की ओर से गए थे। दास ने कहा कि नहीं। हमें चौड़ी सीढ़ियों की ओर से निकट पड़ता है। कौलसर साहिब के आगे से निकल कर। चार–पाँच दिन फिर मिला। कहने लगा, गए थे दरबार साहिब। घण्टा घर की ओर से गए। दास ने फिर पूछ लिया। दास ने कहा कि जाना तो दरबार साहिब होता है और आप हर बार यह क्यों कहते हो कि घण्टा घर की ओर से गए थे? कहने लगा, आप घण्टा घर की ओर से जाओगे तो जो बीच में से सीढ़ी उतरती है, उसके बाएं तरफ शिला पर मेरा नाम लिखा है, जरुर पढ़ना। दास स्पैशल गया। मैंने नाम पढ़ा। दास नाम तो नहीं लेता, फिर कहीं बुरा न माने। दास ने नाम पढ़ा। 5100 की सेवा उसके नाम। सेवा करवाई। उसके आगे लिखा, पुत्र ....... सिंघ, मकान नं......, गली......., मुहल्ला ......., शहर का नाम ......, चौंक का नाम। दास को पाँच–सात दिन बाद मिला। कहने लगा, दरबार साहिब गए थे? घण्टा घर की ओर से गए थे? दास ने कहा, पिता जी, घण्टा घर से ले गए थे। बड़ा शुक्र है। पढ़ा है नाम मेरा? दास ने कहा कि पढ़ा था। दास ने कहा कि एक बात बताओ? कहने लगा, क्या? दास ने कहा कि यदि नाम लिखवाना था तो इतना लिखवा देते कि 5100 की सेवा अमुक ने करवाई। दास ने कहा आपने विवरण बड़ा दिया। पुत्र....., मुहल्ला ....., गली ......, चौंक ...., शहर .....। यूं हाथ मारकर कहता है कि मेरे नाम के तो अमृतसर में हजार दो हजार व्यक्ति होंगे और यदि विवरण न दिया होता तो किसी को क्या पता चलना था कि सेवा मैंने करवाई है।

